ੴ



# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁ : □ ਅਗਸਤ 1997

ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 8 ਸਾਲ ਨੌਵਾਂ ਅਗਸਤ 1997



ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਡਾ. ਹਰਨੇਕ ਸਿੰਘ ਕਲੇਰ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ

ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ
ਫੋਨ-650696



| | |
|---|---|
| ਤਤਕਰਾ | 1 |
| ਮਿਤ੍ਰ ਅਸਾਡੜੇ ਸੇਈ | 2 |
| ਕੰਰਉ ਬੇਨੰਤੀਆ | 3 |
| ਅੰਮ੍ਰਿਤ ਦੀਆਂ ਕਰਾਮਾਤਾਂ -ਬੈਖਰੀਦ ਗੁਲਾਮ ਵੱਲੋਂ | 4 |
| ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਪ੍ਰਸਾਰਣ -ਸਰਦੂਲ ਸਿੰਘ ਔਜਲਾ | 8 |
| ਕੀਰਤਨੀਏ ਦੇ ਗੁਣ | 10 |
| ਸੰਗੀਤ ਸਿੱਖਿਆ | 11 |
| ਕੈਸਟ ਸਮੀਖਿਆ -ਹਰਚਰਨ ਸਿੰਘ, ਕਲਕਤਾ | 13 |
| ਕੈਸਟ ਸਮੀਖਿਆ -ਹਰਚਰਨ ਸਿੰਘ, ਕਲਕਤਾ | 15 |
| ਕੀਰਤਨ ਦੀ ਮਹਿਮਾਂ (ਕਵਿਤਾ) -ਸੰਤਾ ਸਿੰਘ ਆਜਿਜ਼ | 16 |
| ਪ੍ਰਸ਼ਨਾਵਲੀ | 17 |
| ਕੀਰਤਨ ਕਲਾਸਾਂ | 18 |
| ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ -ਸ੍ਰ. ਮਨਮੋਹਨ ਸਿੰਘ | 19 |
| ਸੁਰ-ਲਿਪੀ ਰਾਗ ਸੂਰਦਾਸੀ ਮਲਾਰ | 20 |
| ਸੁਰ-ਲਿਪੀ ਰਾਗ ਸੂਰਦਾਸੀ ਮਲਾਰ ਧਰੁਪਦ ਚਾਰ ਤਾਲ | 21 |
| ਜੰਤਰੀ ਮਹੀਨਾ ਅਗਸਤ | 24 |



ਚੰਦੇ ਦਾ ਵੇਰਵਾ :

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |



ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
782452



ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿੱਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੋਥਾਈ ਪੰਨਾ | 500 ਰੁ. |



■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

# ਮਿਤ੍ਰ ਅਸਾਡੜੇ ਸੇਈ

'ਅੰਮ੍ਰਿਤ ਕੀਰਤਨ' ਵਿਚਲੀ ਸਮੱਗਰੀ ਬਹੁਤ ਗਿਆਨ ਭਰਪੂਰ ਹੁੰਦੀ ਹੈ । ਹਰ ਮਹੀਨੇ ਦੋ ਸ਼ਬਦ ਰੀਤਾਂ ਮਿਲ ਜਾਂਦੀਆਂ ਹਨ । ਇਹ ਤਾਂ ਮਾਨੋ ਆਤਮਾ ਦੀ ਖ਼ੁਰਾਕ ਹੈ । ਆਪ ਨੇ ਸੰਗੀਤ ਸਿੱਖਿਆ ਕਾਲਮ ਸ਼ੁਰੂ ਕਰਕੇ ਬਹੁਤ ਹੀ ਚੰਗਾ ਕੀਤਾ ਹੈ । ਇਸ ਰਾਹੀਂ ਨਵੇਂ ਸੰਗੀਤ ਸਿੱਖਣ ਵਾਲਿਆਂ ਨੂੰ ਜਾਣਕਾਰੀ ਮਿਲਦੀ ਹੈ । ਵਾਹਿਗੁਰੂ ਇਸ ਰਸਾਲੇ ਨੂੰ ਚੜ੍ਹਦੀ ਕਲਾ ਬਖਸ਼ੇ ।

99 ਐਫ.ਡੀ. ਰਜਮੈਂਟ — ਦਲਜੀਤ ਸਿੰਘ

'ਅੰਮ੍ਰਿਤ ਕੀਰਤਨ' ਸਾਡੇ ਪਰਿਵਾਰ ਦਾ ਅੰਗ ਬਣ ਚੁੱਕਿਆ ਹੈ । ਜੂਨ ਮਹੀਨੇ ਵਿੱਚ ਡਾ. ਜਸਵਿੰਦਰ ਭੁੱਲਰ ਦਾ ਲੇਖ 'ਸਿੱਖ ਸ਼ਾਸਤਰੀ ਸੰਗੀਤ ਕਲਾ' ਬਹੁਤ ਚੰਗਾ ਲਗਾ ।

ਪਟਨਾ — ਰਣਧੀਰ ਸਿੰਘ ਖਾਲਸਾ

'ਅੰਮ੍ਰਿਤ ਕੀਰਤਨ' ਰਾਹੀਂ ਸਾਨੂੰ ਗੁਰਬਾਣੀ ਅਤੇ ਕੀਰਤਨ ਦੀ ਬੜੀ ਵਾਕਫੀਅਤ ਪ੍ਰਾਪਤ ਹੁੰਦੀ ਹੈ । ਹਰ ਮਹੀਨੇ ਬੜੀ ਬੇਸਬਰੀ ਨਾਲ ਇਸ ਦਾ ਇੰਤਜ਼ਾਰ ਕਰਦੇ ਹਾਂ ।

ਬੜੂ ਸਾਹਿਬ — ਰਾਜਿੰਦਰ ਕੌਰ

'ਅੰਮ੍ਰਿਤ ਕੀਰਤਨ' ਰਾਹੀਂ ਪਤਾ ਲੱਗਾ ਕਿ ਰਾਗੀ ਜੱਥਿਆਂ ਦੀ ਇੱਕ ਡਾਇਰੈਕਟਰੀ ਛਪ ਰਹੀ ਹੈ । ਇਹ ਬਹੁਤ ਸ਼ਲਾਘਾਯੋਗ ਕੰਮ ਹੈ । ਜੂਨ ਅੰਕ ਵਿੱਚ 'ਕਰਉ ਬੇਨੰਤੀਆਂ, ਕੀਰਤਨ ਦੀਆਂ ਚਾਰ ਪਉੜੀਆਂ ਸਿੱਖ ਸ਼ਾਸਤਰੀ ਸੰਗੀਤ ਕਲਾ, ਕੈਸਟ ਰੀਵੀਉ ਆਦਿ ਬਹੁਤ ਪਸੰਦ ਆਏ ।

ਮਲੋਟ — ਮੰਗਤ ਸਿੰਘ ਮਸਤਾਨ

'ਅੰਮ੍ਰਿਤ ਕੀਰਤਨ' ਲਗਾਤਾਰ ਮਿਲ ਰਿਹਾ ਹੈ । ਕੀਰਤਨ ਪ੍ਰੇਮੀਆ ਲਈ ਬੜਾ ਲਾਭਦਾਇਕ ਹੈ । ਤੁਹਾਡੀ ਘਾਲ ਸਫਲ ਹੈ ।

ਲੁਧਿਆਣਾ — ਸੰਤਾ ਸਿੰਘ ਆਜਿਜ਼

ਆਸ ਹੈ ਤੁਸੀਂ ਆਪਣੀ ਪ੍ਰਦੇਸ ਯਾਤਰਾ ਪੂਰੀ ਕਰਕੇ ਠੀਕ ਠਾਕ ਪਰਿਵਾਰ ਵਿੱਚ ਪੁੱਜ ਗਏ ਹੋਵੋਗੇ ਤੁਸੀਂ ਵਾਵਰੋਲੇ ਵਾਂਗ ਆਏ ਤੇ ਚਲੇ ਗਏ । ਪਰ ਸਾਡੀਆਂ ਤਾਂ ਦਿਲ ਦੀਆਂ ਦਿਲ ਵਿੱਚ ਹੀ ਰਹਿ ਗਈਆਂ । ਇਹ ਸਮੇਂ ਦੀ ਘਾਟ ਕਰਕੇ ਹੀ ਸੀ ਪਿਆਰ ਦੀ ਘਾਟ ਕਰਕੇ ਨਹੀਂ ।

ਪਾਤਸ਼ਾਹ ਆਪ ਨੂੰ ਕੌਮ ਦੀ ਸੇਵਾ ਕਰਨ ਦਾ ਬਲ ਬਖਸ਼ਣ, ਅਗਵਾਈ ਤੇ ਰਹਿਨੁਮਾਈ ਤਾਂ ਸਤਿਗੁਰੂ ਨੇ ਆਪੇ ਹੀ ਕਰਨੀ ਹੈ । ਲੀਡਰਾਂ ਦਾ ਹਾਲ ਦੇਖ ਕੇ ਤਾਂ ਮਨ ਡੋਲ ਜਾਂਦਾ ਹੈ । ਫਿਰ ਉਸ ਦੀ ਓਟ ਤੇ ਆਸਰਾ ਲੈ ਕੇ ਅੱਗੇ ਤੁਰ ਪਈਦਾ ਹੈ ।

ਯੂ.ਐਸ.ਏ. — ਅਮਰਜੀਤ ਸਿੰਘ ਬੁਟਰ

*Donations made to "AMRIT KIRTAN TRUST" are eligible for exemption under section 80 G of the Income Tax Act, 1961 upto 31-3-99 vide Order No. CIT/PRO/PTA/80-G/97-98/4662 dated 3/7-7-1997 issued by the CIT, Patiala*

# ਕਰਉ ਬੇਨੰਤੀਆ

## ਮੈਂ ਖੁਸ਼ ਹਾਂ

ਇਸ ਵਾਰ ਅਮਰੀਕਾ ਦੀ ਯਾਤਰਾ ਸਮੇਂ ਉਥੇ ਦੇ ਗੁਰਦੁਆਰਾ ਸਾਹਿਬਾਨ ਵਿੱਚ ਭਾਵੇਂ ਪ੍ਰਬੰਧਕਾਂ ਦੀ ਚੌਧਰ ਪਿੱਛੇ ਲੜਾਈ ਭਿੜਾਈ, ਗ੍ਰੰਥੀਆਂ, ਰਾਗੀਆਂ, ਪ੍ਰਚਾਰਕਾਂ ਦਾ ਨੀਵਾ ਮਾਨਸਿਕ ਪੱਧਰ ਅਤੇ ਭਾਰਤ ਵਿੱਚੋਂ ਧੜਾਧੜ ਕਚਘਰੜ ਰਾਗੀ ਜੱਥਿਆਂ ਦਾ ਉਧਰ ਕੇਵਲ ਡਾਲਰ ਕਮਾਂਉਣ ਲਈ ਜਾਣਾ ਮੇਰੀ ਉਦਾਸੀ ਦਾ ਕਾਰਨ ਹੈ । ਉਧਰ ਛਪਦੇ ਆਮ ਪੰਜਾਬੀ ਪਰਚਿਆਂ ਵਿੱਚ ਪੱਤਰਕਾਰੀ ਦਾ ਅਤਿ ਨੀਵਾਂ ਪੱਧਰ, ਭਾਰਤ ਬਾਰੇ ਮਾੜੀਆਂ ਖਬਰਾਂ ਨੂੰ ਤੜਕੇ ਲਾ ਲਾ ਛਾਪਣਾ, ਆਪਣੀਆਂ ਕਿੜਾਂ ਕਢਣ ਲਈ ਕਿਸੇ ਬਾਰੇ ਸੱਚੀਆਂ ਝੂਠੀਆਂ ਤੁਹਮਤਾਂ ਲਾ ਕੇ ਛਾਪੀ ਜਾਣਾ ਅਤੇ ਫਿਰ ਸੰਗਤਾਂ ਵਿੱਚ ਇਹਨਾਂ ਅਖਬਾਰਾਂ ਨੂੰ ਵੰਡਣਾ ਅਤੇ ਲੈ ਦੇ ਕੇ ਇਹਨਾਂ ਹੀ ਅਖਬਾਰਾਂ ਦੇ ਅਧਾਰ ਤੇ ਸੰਗਤਾਂ ਦੀ ਸਿੱਖ ਜਗਤ ਬਾਰੇ ਰਾਇ ਦਾ ਬਣਨਾ ਵੀ ਮੇਰੀ ਉਦਾਸੀ ਦਾ ਕਾਰਨ ਹੈ । ਪਰ ਇਸ ਯਾਤਰਾ ਵਿੱਚ ਕਿਤੇ ਕਿਤੇ ਆਸ ਦੀ ਕਿਰਨ ਵੀ ਨਜ਼ਰ ਆਈ ਹੈ ।

ਨਿਊਜਰਸੀ ਵਿੱਚ ਮੇਰੇ ਸਤਿਕਾਰ ਯੋਗ ਮਿੱਤਰ ਹਨ ਡਾ. ਮਹਿੰਦਰ ਸਿੰਘ ਪੁਆਰ । ਉਹ ਬੜੀਆਂ ਮੁਸ਼ਕਲਾਂ ਕੱਟ ਕੇ ਅਮਰੀਕਾ ਪੁੱਜੇ ਅਤੇ ਫਿਰ ਉਹਨਾਂ ਆਪਣੇ ਬਹੁਤ ਸਾਰੇ ਪਰਿਵਾਰਾਂ ਨੂੰ ਅਮਰੀਕਾ ਵਿੱਚ ਪੁਚਾ ਕੇ ਖੁਸ਼ਹਾਲ ਕੀਤਾ । ਪੁਆਰ ਸਾਹਿਬ ਅਤੇ ਉਹਨਾਂ ਦੀ ਸੁਪਤਨੀ ਸੁਰਿੰਦਰ ਕੌਰ ਪੁਆਰ ਵੀ ਸਿੱਖੀ ਦੇ ਵਿੱਦਿਅਕ ਕਾਰਜਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ । ਪੁਆਰ ਸਾਹਿਬ ਖੁਦ ਬੱਚਿਆਂ ਨੂੰ ਜਿੰਨ੍ਹਾਂ ਵੀ ਉਹਨਾਂ ਨੂੰ ਖ਼ੁਦ ਨੂੰ ਆਉਂਦਾ ਹੈ, ਬੜੇ ਪਿਆਰ ਨਾਲ ਕੀਰਤਨ ਸਿਖਾਉਂਦੇ ਹਨ । ਭਾਵੇਂ ਇਹ ਗੱਲ ਵੀ ਖੁਸ਼ੀ ਵਾਲੀ ਹੈ । ਪਰ ਇਸ ਤੋਂ ਵੀ ਵੱਧ ਖ਼ੁਸ਼ੀ ਮੈਨੂੰ ਇਹਨਾਂ ਦੇ ਬੱਚਿਆਂ ਬਾਰੇ ਹੈ । ਜਿੱਥੇ ਸਾਡੇ ਬਹੁਤੇ ਸੱਜਣਾਂ ਦੇ ਬੱਚੇ ਕੇਵਲ ਗੁਜ਼ਾਰੇ ਜੋਗੀਆਂ ਨੌਕਰੀਆਂ ਕਰਦੇ ਹਨ ਉਥੇ ਪੁਆਰ ਪਰਿਵਾਰ ਦੇ ਬੱਚੇ ਉਚੇਰੀ ਵਿੱਦਿਆ ਹਾਸਲ ਕਰ ਰਹੇ ਹਨ । ਇਹਨਾਂ ਦੀ ਇੱਕ ਬੱਚੀ ਜਸਬੀਰ ਕੌਰ ਤਾਂ ਭਾਰਤੀ ਇਸਤਰੀਆਂ ਬਾਰੇ ਮਨੋਵਿਗਿਆਨਿਕ ਅਧਿਐਨ ਕਰਕੇ ਉਸ ਬਾਰੇ ਖੋਜ-ਪੱਤਰ ਲਿਖ ਰਹੀ ਹੈ ਜਿਹੜੇ ਬੜੇ ਉਚੇ ਪੱਧਰ ਦੀਆਂ ਪੁਸਤਕਾਂ ਵਿੱਚ ਛਪ ਰਹੇ ਹਨ । ਕਾਫੀ ਡੂੰਘਾ ਅਧਿਐਨ ਹੈ ਅਤੇ ਇਹ ਅਧਿਐਨ ਇਸ ਉਮਰ ਵਿੱਚ ਵਿਰਲੇ ਬੱਚੇ ਹੀ ਕਰਦੇ ਹਨ । ਉਸ ਦੇ ਇੱਕ ਲੇਖ ਦਾ ਜ਼ਿਕਰ ਕਰਨਾ ਚਾਹਾਂਗਾ -

***Second generation sikh women construction of Indentity***

ਇਹ ਲੇਖ ਛਪਿਆ ਹੈ New Frontiers in women's studies ਪੁਸਤਕ ਵਿੱਚ ! ਲੇਖ ਦੇ ਵਿਚਾਰਾਂ ਬਾਰੇ ਮਤਭੇਦ ਹੋ ਸਕਦੇ ਹਨ ਪਰ ਅਧਿਐਨ ਦੀ ਡੂੰਘਾਈ ਤੇ ਕਿੰਤੂ ਨਹੀਂ ਕੀਤਾ ਜਾ ਸਕਦਾ । ਅਜਿਹੇ ਬੱਚਿਆਂ ਨੂੰ ਅਸੀਂ ਪਿਆਰ ਸਹਿਤ ਸੁਭ ਇਛਾਵਾਂ ਦਿੰਦੇ ਹਨ । ਜੋ ਮੇਰੀਆਂ ਖੁਸ਼ੀਆਂ ਦੇ ਹੋਰ ਕਾਰਨ ਵੀ ਹਨ । 'ਅੰਮ੍ਰਿਤ ਕੀਰਤਨ' ਦੇ ਆਉਂਦੇ ਅੰਕਾਂ ਵਿੱਚ ਪੜ੍ਹੋਗੇ ।



### *ਇਕ ਚੰਗੀ ਆਦਤ*

*ਮੈਗਜ਼ੀਨ ਦਾ ਚਿੱਟ ਨੰਬਰ ਜ਼ਰੂਰ ਕਿਸੇ ਡਾਇਰੀ ਵਿੱਚ ਨੋਟ ਕਰਕੇ ਰੱਖੋ । ਇਸ ਤਰ੍ਹਾਂ ਤੁਸੀਂ ਮੈਗਜ਼ੀਨ ਦੇ ਨਾ ਪੁੱਜਣ 'ਤੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਆਪਣਾ ਤੇ ਮੈਗਜ਼ੀਨ ਪ੍ਰਬੰਧਕਾਂ ਦਾ ਬਹੁਤ ਸਾਰਾ ਸਮਾਂ ਬਚਾ ਸਕਦੇ ਹੋ ।*

*ਮੈਗਜ਼ੀਨ ਨਾ ਪੁੱਜਣ ਦੀ ਤੁਰੰਤ ਸੂਚਨਾ ਦਿਓ । 5 ਜਾਂ 6 ਮਹੀਨੇ ਬਾਅਦ ਸ਼ਿਕਾਇਤ ਭੇਜਣ ਲਈ ਤੁਸੀਂ ਵੀ ਜ਼ਿੰਮੇਵਾਰ ਬਣ ਜਾਂਦੇ ਹੋ ਤੇ ਅਸੀਂ ਵੀ ਆਪਦੀ ਸੇਵਾ ਨਹੀਂ ਕਰ ਸਕਦੇ ।*

(ਦਸ ਸਾਲ ਬਾਅਦ)

## ਬੈਖਰੀਦ ਗ਼ਲਾਮ ਵਲੋਂ

# ਅੰਮ੍ਰਿਤ ਦੀਆਂ ਕਰਾਮਾਤਾਂ

ਸਾਡੇ ਧਰਮ ਵਿਚ ਕਰਾਮਾਤ ਵਰਤਣੀ, ਕਰਾਮਾਤ ਦਾ ਦਿਖਾਣਾ ਕਰਨਾ ਜਾਂ ਕਰਾਮਾਤ ਨਾਲ ਲੋਕਾਂ ਤੇ ਦਬਾਓ ਪਾਣਾ ਜਾਂ ਕਰਾਮਾਤ ਰਾਹੀਂ ਧਾਰਮਿਕ ਹੋਣ ਦਾ ਪ੍ਰਭਾਵ ਪਾਣਾ ਮਨ੍ਹਾ ਹਨ ਤੇ ਜਿਸ ਵੀ ਕਰਾਮਾਤ ਦਿਖਾਈ ਭਾਵੇਂ ਭੁੱਲੇਖੇ ਵਿੱਚ, ਭਾਵੇ ਜਾਣ ਬੁੱਝ ਕੇ, ਗੁਰੂ ਸਾਹਿਬਾਨ ਨੇ ਉਸ ਦੀ ਨਿੰਦਾ ਕੀਤੀ, ਸਜ਼ਾ ਦਿਤੀ ਤੇ ਭੁੱਲਾਂ ਸਿਧੀਆਂ ਕੀਤੀਆਂ ਪਰ 'ਨਾਨਕ ਸਾ ਕਰਮਾਤ ਸਾਹਿਬ ਤੁਠੇ ਜੇ ਮਿਲੈ' ਦੀ ਸੁਚਤਾ ਦਾ ਪ੍ਰਤੱਖ ਰੂਪ ਦੱਸਣ ਲਈ ਸਾਹਿਬਾਂ ਨੇ ਅੰਮ੍ਰਿਤ ਤਿਆਰ ਕੀਤਾ ਜਿਸ ਨੂੰ ਪੀ ਕੇ ਲਾਲ ਛਿਨ ਛਿਨ ਕਰਾਮਾਤਾਂ ਕਰਨ ਚੰਗੇ ਹੋ ਗਏ । ਸੁਤੇ-ਸਿਧ ਅਸੀਂ ਲੋਕ ਮਾਇਆ ਦੇ ਪ੍ਰਭਾਵ ਹੇਠਾਂ ਤੇ ਆਪਣੀ ਕੱਚੀ ਮਤਿ ਦੀ ਆੜ ਲੈ ਕੇ ਜਿੱਥੇ ਖੰਡੇ ਦੇ ਅੰਮ੍ਰਿਤ ਦਾ ਅਤਿਅੰਤ ਸਤਿਕਾਰ ਕਰਦੇ ਹਾਂ ਉਥੇ ਉਸ ਨੂੰ ਖੇਡ ਸਮਝ ਕੇ ਅਤਿਅੰਤ ਬੇਧਿਆਨੀ ਤੇ ਲਾਪਰਵਾਹੀ ਨਾਲ ਇਵੇਂ ਛਕ ਲੈਂਦੇ ਹਾਂ ਜਿਵੇਂ 'ਕਰਮਕਾਂਡ ਹੇਠਾਂ ਪੰਡਿਤ ਜਨੇਊ ਪਾ ਦਿੰਦਾ ਸੀ । ਗੁਰੂ ਨਾਨਕ ਸਾਹਿਬ ਨੇ ਤਾਂ ਕਹਿ ਦਿਤਾ ਸੀ- ਮੈਂ ਜਨੇਊ ਨਹੀਂ ਪਾਉਣਾ, ਮੈਂ ਤਾਂ ਉਹ ਜਨੇਊ ਪਾਉਣਾ ਹੈ ਜਿਸ ਵਿਚ ਦਇਆ; ਸੰਤੋਖ, ਜਤੁ, ਸਤ ਮਿਲੇ ਹੋਏ ਹੋਣ, ਸੋ ਪੰਡਤ ਜੀ, ਇਹ ਜਨੇਊ ਹੈ ਤਾਂ ਪਾਓ । ਕਦੇ ਕਿਸੇ ਸਿੱਖ ਨੇ ਕਿਹਾ ਹੈ ਅੱਜ-ਕਲ ਕਿਸੇ ਪੰਜਾਂ ਪਿਆਰਿਆਂ ਦੇ ਲਿਬਾਸ ਵਿੱਚ ਲੋਭੀ ਕਰੋਧੀ ਪਾਖੰਡੀ ਤੇ ਮਨੁੱਖਤਾ ਦੇ ਪਹਿਰਾਵੇ ਵਿੱਚ ਜੁੜੇ ਹੋਏ ਆਪਣਾ ਆਪ ਜਤਾਉਣ ਵਾਲੇ ਜੱਥੇਦਾਰਾਂ ਦੇ ਟੋਲੇ ਨੂੰ- ਭਾਈ ਸਾਹਿਬ ਜੀ, ਕੀ ਅੰਮ੍ਰਿਤ ਛੱਕਣ ਨਾਲ ਮੇਰੇ ਇਹ ਗੁਣ ਆ ਜਾਣਗੇ ਜਿਹੜੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਵਿੱਚ ਆ ਗਏ ਸਨ ? ਕੀ ਅੰਮ੍ਰਿਤ ਛਕ ਕੇ ਮੈਂ ਸਵਾ ਲੱਖ ਨਾਲ ਲੜ ਕੇ ਜਿੱਤ ਪ੍ਰਾਪਤ ਕਰ ਸਕਾਂਗਾ ? ਕੀ ਦੇਗਾਂ ਵਿੱਚ ਉਬਲਣ ਦੀ ਸਮਰਥਾ ਤੇ ਸ਼ੌਂਕ ਉਤਪੰਨ ਹੋਵੇਗਾ ? ਕੀ ਸਵਾਸ ਸਵਾਸ ਨਾਮ ਜਪਣ ਦੀ ਤਾਂਘ ਪੈਦਾ ਹੋਵੇਗੀ ? ਕੀ ਜੁਲਮ ਦੇ ਵਿਰੁੱਧ ਮੇਰੀ ਕਿਰਪਾਨ ਕਮਜ਼ੋਰਾਂ ਤੇ ਬੇਸਹਾਰਾ ਲੋਕਾਂ ਦੀ ਰੱਖਿਆ ਕਰੇਗੀ । ਕੀ ਮੇਰਾ ਕੜਾ ਹਮੇਸ਼ਾ ਭੈੜੇ ਕੰਮਾਂ ਤੋਂ ਰੋਕੇਗਾ ? ਕੀ ਕੱਛਾ ਪਰਾਈ ਇਸਤਰੀ ਜਾਂ ਪਰਾਏ ਮਰਦ ਵਲ ਪੂਰੀ ਪਵਿੱਤਰਤਾ ਵਿੱਚ ਲੀਨ ਰੱਖੇਗਾ ? ਕੀ ਕੰਘਾ ਤੇ ਕੇਸ ਮੇਰੀ ਪੂਰਨ ਤੇ ਉੱਚੀ ਸਫਾਈ ਦੇ ਪ੍ਰਤੀਕ ਹੋਣਗੇ ? ਕੀ ਮੈਂ ਗਰੀਬਾਂ ਦੁਖੀਆਂ ਲਈ, ਭੁਖੇ ਨੰਗੇ ਲਈ ਇੱਕ ਆਸਰਾ ਬਣ ਸਕਾਂਗਾ ? ਕੀ ਉਹ ਨਿਰਾਲਾ, ਉਹ ਵਿਰਲਾ ਬਣ ਸਕਾਂਗਾ ਜਿਹੜਾ ਗੁਰੂ ਨੇ 1699 ਦੀ ਵਿਸਾਖੀ ਨੂੰ ਖਾਲਸਾ ਸਾਜ ਕੇ ਨਮੂਨਾ ਦਿਖਾਇਆ ਸੀ- ਜੇ ਭਾਈ ਸਾਹਿਬ ਜੀ ਇਸ ਅੰਮ੍ਰਿਤ ਵਿੱਚ ਇਹੋ ਜਿਹੀਆਂ ਤਾਕਤਾਂ ਹਨ ਤਾਂ ਛਕਾ ਦਿਓ- ਐਵੇਂ ਮੈਂ ਅੰਮ੍ਰਿਤ ਨਹੀਂ ਛਕਣਾ ।

ਛਕਣ ਵਾਲੇ, ਛਕਾਣ ਵਾਲੇ ਰੁੜ੍ਹ ਚੁੱਕੇ ਹਾਂ, ਮੂੰਹੋਂ ਹਰੀ ਹਰੀ ਕਹਿਣ ਵਾਲੇ, ਅੰਦਰੋਂ ਗੁਰਦੁਆਰਿਆਂ ਦਾ ਪੂਜਾ ਧਨ ਖਾਣ ਵਾਲੇ ਵਿੱਕ ਗਏ ਹਾਂ ਮਾਇਆ ਦੇ ਹੱਥ ਵਿੱਚ ਤੇ ਹੁਣ ਰਹਿ ਗਿਆ ਹੈ ਭੇਖ ਅੰਮ੍ਰਿਤ ਦਾ


*ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ*

*"ਗੁਰਸਿੱਖ ਸੰਜੋਗ"*

*(ਪੰਦਰਾ-ਰੋਜ਼ਾ ਪੱਤਰ)*

*ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ, ਪੂਸਾ ਰੋਡ, ਨਵੀਂ ਦਿੱਲੀ-110 060 ਫੋਨ : 5735955*


**ਜ਼ਰੂਰੀ ਬੇਨਤੀ**

*ਮਨੀਆਰਡਰ ਭੇਜਣ ਸਮੇਂ ਸੁਨੇਹੇ ਵਾਲੀ ਚਿੱਟ ਤੇ ਆਪਣਾ ਨਾਮ, ਪੂਰਾ ਪਤਾ, ਰਕਮ, ਮੰਤਵ ਅਤੇ ਪੁਰਾਣੇ ਮੈਂਬਰ ਆਪਣਾ ਚਿੱਟ ਨੰਬਰ ਜਰੂਰ ਲਿਖਣ ਦੀ ਕਿਰਪਾ ਕੀਤਾ ਕਰਨ ਜੀ ।*

ਸੰਪਾਦਕ

ਵੀ । ਕੋਈ ਇਲੈਕਸ਼ਨ ਜਿੱਤ ਕੇ ਲੋਕਾਂ ਤੇ ਰੁਹਬ ਪਾਣ ਲਈ, ਸਭ ਤਖਤਾਂ ਤੋਂ ਜੱਥੇਦਾਰ ਸੱਦ ਕੇ ਅੰਮ੍ਰਿਤ ਛਕਣ ਵਾਲਿਆਂ ਦੀ ਗਿਣਤੀ ਵਧਾਣ ਲਈ, ਸ਼ਰਧਾ-ਹੀਣ ਲੋਕਾਂ ਨੂੰ ਅੰਮ੍ਰਿਤ ਛਕਾ ਰਿਹਾ ਹੈ, ਕੋਈ ਆਪਣੇ ਚੇਲੇ ਬਹੁਤੇ ਕਰਨ ਲਈ, ਆਪਣਾ ਵੱਖਰਾ ਅੰਮ੍ਰਿਤ ਪਿਲਾ ਰਿਹਾ ਹੈ ਤੇ ਕੋਈ ਰਹਿਣੀ ਤੇ ਜ਼ੋਰ ਦਿਤੇ ਬਗੈਰ 'ਸਿੱਖ' ਬਣਾ ਰਿਹਾ ਹੈ । ਨਤੀਜਾ ਇਹ ਹੋ ਰਿਹਾ ਹੈ ਕਿ-

1) ਦਾੜ੍ਹੀ ਕੇਸ ਕਤਲ ਜਾਂ TRIM ਕਰਨ ਵਾਲੇ ਅੰਮ੍ਰਿਤਧਾਰੀ ਹੋ ਗਏ ਹਨ ।

2) ਸਾਬਤ ਸੂਰਤ ਲੋਕੀ ਕਿਰਪਾਨਾਂ ਸਜਾ ਕੇ ਲੋਕਾਂ ਤੇ ਜ਼ੁਲਮ ਕਰਨ ਲਈ ਕਿਰਪਾਨਾਂ ਦੀ ਵਰਤੋਂ ਕਰ ਰਹੇ ਹਨ ।

3) ਉਹ ਉਨ੍ਹਾਂ ਕਕਾਰਾਂ ਦੀ ਪਵਿੱਤਰਤਾ ਤੇ ਮਹੱਤਤਾ ਨੂੰ ਭੁੱਲ ਕੇ ਹਵਾਈ ਜਹਾਜ਼ਾਂ ਨੂੰ ਹਾਈਜੈਕ ਕਰਨ ਲਈ ਇਸਤੇਮਾਲ ਕਰਨ ਲਗ ਪਏ ਹਨ ।

4) ਪ੍ਰੇਮ ਤੇ ਸਹਿਜ ਦੀ ਮੂਰਤ ਬਨਣ ਦੀ ਥਾਂ ਕਲੇਸ਼ ਤੇ ਡੰਡੇਬਾਜ਼ੀ ਦਾ ਸਬੂਤ ਦੇ ਰਹੇ ਹਨ ।

5) ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਖੰਡੇ ਦਾ ਅੰਮ੍ਰਿਤ- ਜਿਹੜਾ ਅਸਲ ਵਿੱਚ ਬਾਕੀ ਗੁਰੂ ਸਾਹਿਬਾਨ ਨੇ ਬਾਣੀ ਦਾ ਰਸ, ਬਾਣੀ ਦੀ ਸਿੱਖਿਆ, ਬਾਣੀ ਦੇ ਪ੍ਰੇਮ, ਨਾਮ ਦੀ ਵਡਿਆਈ, ਨਿਰਵੈਰਤਾ, ਨਿਰਭੈਤਾ ਤੇ ਸਵਾਸ ਸਵਾਸ ਨਾਮ ਜਪਣ ਵਿੱਚ ਜ਼ਾਲਮ ਦਾ 'ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ' ਦੇ ਸਬੂਤ ਵਿੱਚ ਟਾਕਰਾ ਕਰਨ ਲਈ ਹੀ ਬਣਿਆ ਸੀ- ਇੱਕ ਖੇਡ ਬਣ ਗਿਆ ਹੈ ।

ਜੇ ਕੋਈ ਸਾਡੇ ਨਾਲ ਧਾਰਮਿਕ ਬੇਇਨਸਾਫੀ ਹੁੰਦੀ ਹੈ ਜਾਂ ਸਾਡਾ ਕੋਈ ਹੱਕ ਮਾਰਦਾ ਹੈ, ਜ਼ਰੂਰ ਸਾਨੂੰ ਆਵਾਜ਼ ਉਠਾਣੀ ਚਾਹੀਦੀ ਹੈ ਅਤੇ ਪੁਰਜ਼ੋਰ ਮੋਰਚਾ ਕਰਨਾ ਚਾਹੀਦਾ ਹੈ । ਪਰ ਜ਼ਰਾ ਸੋਚੀਏ ਤਾਂ ਸਹੀ ਕਿ ਸਾਡਾ ਕੋਈ ਕੰਮ ਵੀ ਐਸਾ ਨਾ ਹੋਵੇ ਜਿਹੜਾ ਗੁਰੂ ਦੇ ਪਿਲਾਏ ਅੰਮ੍ਰਿਤ ਨੂੰ, ਬਾਣੀ ਦੇ ਰਸ ਰੂਪ ਨੂੰ ਜਾਂ ਸਿੱਖ ਦੇ ਸਤਿ-ਸਰੂਪ ਨੂੰ ਵੱਟਾ ਕੇ ਲਗਾਏ ।

ਜਦ ਮੈਂ ਛੋਟਾ ਹੁੰਦਾ ਤਾਂ ਮੇਰੇ ਚਾਚਾ ਜੀ ਦਾ ਇੱਕ ਸਾਥੀ ਹੁੰਦਾ ਸੀ ਜਿਸ ਨੇ ਅੰਮ੍ਰਿਤ ਛਕਣ ਵੇਲੇ ਸਵਾਲ ਤਾਂ ਨਹੀਂ ਸਨ ਪੁੱਛੇ ਪਰ ਇਹ ਜੋਦੜੀ ਕੀਤੀ ਸੀ, 'ਸੱਚੇ ਪਾਤਸ਼ਾਹ ! ਕਿਰਪਾ ਕਰੋ । ਮੈਂ ਆਪ ਦਾ ਅੰਮ੍ਰਿਤ ਪੀ ਕੇ 1699 ਵਿਸਾਖੀ ਤੇ ਪੈਦਾ ਕੀਤੇ ਖਾਲਸੇ ਦਾ ਨਮੂਨਾ ਬਣ ਜਾਵਾ ਤੇ ਨਾਮ ਜਪਦਿਆਂ ਸਵਾਸ ਸਵਾਸ, ਸੇਵਾ ਕਰਦਿਆਂ ਗਰੀਬਾਂ ਦੀ, ਸੱਚ ਲਈ ਸ਼ਹੀਦ ਹੋ ਜਾਵਾਂ, ਕੁਝ ਦਿਨ ਹੋਏ ਉਹ ਪੂਰੇ ਹੋ ਗਏ ਹਨ ਪਰ ਮੇਰੀ ਛੋਟੀ ਉਮਰ ਹੋਣ ਦੇ ਬਾਵਜੂਦ ਮੈਨੂੰ ਯਾਦ ਹੈ ਕਿ ਜਦ ਉਨ੍ਹਾਂ ਨੂੰ ਦਸ ਸਾਲ ਅੰਮ੍ਰਿਤ ਛਕਿਆਂ ਹੋ ਗਏ ਤਾਂ ਮੇਰੇ ਚਾਚਾ ਜੀ ਕੋਲ ਬਹਿ ਕੇ ਸਤਿਸੰਗ ਕਰਦਿਆਂ ਇਉਂ ਕਹਿਣ ਲਗੇ-

ਮੇਰਿਆ ਵੀਰਾ ! ਮੇਰਾ ਤਾਂ ਪਤਾ ਕੋਈ ਨਹੀਂ ਮੈਂ ਕਦੋਂ ਮਰ ਜਾਵਾਂ ਪਰ ਅੱਜ ਇਕ ਰੀਝ ਆਈ ਹੈ ਕਿ ਤੈਨੂੰ ਅੰਮ੍ਰਿਤ ਦੀਆਂ ਕਰਾਮਾਤਾਂ ਦੱਸਾਂ । ਕਹਿਣ ਲਗੇ ਧਿਆਨ ਨਾਲ ਗੁਰੂ ਚਰਨਾਂ ਵਿਚ ਮਨ ਲਾ ਕੇ ਸੁਣੀ । 51 ਸਾਲ ਦੀ ਮੇਰੀ ਉਮਰ ਹੈ, ਪਰ 40 ਸਾਲ ਅੰਮ੍ਰਿਤ ਛਕਣ ਤੋਂ ਪਹਿਲਾਂ ਦਾ ਤੇ ਅੰਮ੍ਰਿਤ ਛਕਣ ਤੋਂ ਬਾਅਦ ਦਾ ਹਾਲ ਤੈਨੂੰ ਦੱਸਦਾ ਹਾਂ । ਤੂੰ ਦੱਸ ਅੰਮ੍ਰਿਤ 'ਕਰਾਮਾਤ' ਨਹੀਂ ? ਕਰਾਮਾਤਾਂ ਦਾ ਖਜ਼ਾਨਾ ਨਹੀਂ ?

---

*The failure are divided into two classes. Those who thought and never did and those who did and never thought.*

| ਅੰਮ੍ਰਿਤ ਛਕਣ ਤੋਂ ਪਹਿਲਾਂ | ਅੰਮ੍ਰਿਤ ਛਕਣ ਤੋਂ ਬਾਅਦ |
|---|---|
| 1. ਮੈਨੂੰ ਵਡਿਆਈ ਦੀ ਭੁੱਖ ਰਹਿੰਦੀ ਸੀ । | 1. ਮੈਨੂੰ ਵਡਿਆਈ ਤੋਂ ਡਰ ਲਗਦਾ ਹੈ । |
| 2. ਮੈਨੂੰ ਨਿੱਕੀ ਜਿਹੀ ਗਲ ਤੇ ਖਿਝ ਆਉਂਦੀ ਸੀ ਤੇ ਲੋਕਾਂ ਦੇ ਨੁਕਸ ਕੱਢਦਾ ਤੇ ਕਰੋਧ ਕਰਦਾ ਰਹਿੰਦਾ ਸੀ । | 2. ਮੈਂ ਕੋਸ਼ਿਸ਼ ਕਰਦਾ ਹਾਂ ਕਿ ਕਦੇ ਕਿਸੇ ਨਾਲ ਨਾ ਖਿਝਾਂ, ਲੋਕੀ ਮੈਨੂੰ ਗਾਲਾਂ ਕੱਢਣ ਪਰ ਕਦੇ ਕਰੋਧ ਵਿਚ ਨਾ ਆਵਾਂ । |
| 3. ਪੈਸੇ ਹੋਰ ਬਹੁਤੇ ਚਾਹੀਦੇ ਹੁੰਦੇ ਸਨ । | 3. ਹੁਣ ਤਾਂ ਪੈਸੇ ਬਿਲਕੁਲ ਨਹੀਂ ਚਾਹੀਦੇ, ਬਸ ਨਿਰਬਾਹ ਹੋ ਜਾਏ, ਕਾਫੀ ਹੈ । ਕੱਲ ਕਿਸੇ ਨੇ ਇੱਕ ਲੈਕਚਰ ਕਰਨ ਦਾ 1000 ਰੁੱਪਿਆ ਦਿੱਤਾ ਤੇ ਬੜੇ ਪ੍ਰੇਮ ਨਾਲ ਆਪਣੇ ਦੁਖੀ ਵੀਰਾਂ ਤੇ ਭੈਣਾਂ ਲਈ ਦੇ ਦਿਤਾ । |
| 4. ਵੈਰ, ਚੁਗਲੀ ਨਿੰਦਾ ਮੇਰੇ ਹਮੇਸ਼ਾਂ ਸਾਥੀ ਸਨ । | 4. ਸਾਰੀ ਦੁਨੀਆਂ ਮੇਰੀ ਹੈ, ਪ੍ਰੇਮ ਵਿੱਚ ਮੈਂ ਵਿਓਪਾਰ ਕਰਦਾ ਹਾਂ । ਪਿੱਛਲੇ ਮਹੀਨੇ ਕਿਸੇ ਨੇ ਭੁੱਲੇਖੇ ਵਿੱਚ ਮੈਨੂੰ ਬਹੁਤ ਹੀ ਝਾੜਾਂ ਪਾਈਆਂ, ਗੁੱਸਾ ਕੀਤਾ ਆਦਿ । ਪਰ ਸਾਹਿਬਾਂ ਦੇ ਅੰਮ੍ਰਿਤ ਦੀ ਰਹਿਮਤ, ਮੇਰੇ ਚਿਹਰੇ ਤੇ ਕੇਵਲ ਮੁਸਕਰਾਹਟ ਹੀ ਨਾ ਰਹੀ ਬਲਕਿ ਬੇਇਜ਼ਤੀ ਕਰਨ ਵਾਲਿਆਂ ਲਈ ਅਰਦਾਸ ਤੇ ਪਿਆਰ ਉਪਜਿਆ । |
| 5. ਨਾਮ, ਬਾਣੀ ਤੋਂ ਦੂਰ ਨਸਦਾ ਜਾਂ ਸਿਨੇਮੇ, ਤਮਾਸ਼ੇ ਪਾਰਟੀਆਂ ਵਿੱਚ ਹੀ ਗ਼ਲਤਾਨ ਰਹਿੰਦਾ ਸਾਂ । | 5. ਦਿਨ ਰਾਤ ਨਾਮ ਬਾਣੀ ਦੇ ਚਾਉ ਵਿੱਚ ਪਿਆਰੇ-ਪਿਆਰੇ ਬੱਚਿਆਂ ਨਾਲ– ਜਿਹੜੇ ਰਿਸ਼ਤੇਦਾਰ ਵੀ ਨਹੀਂ, ਨਾਲ ਵੱਖੋਂ ਵੱਖ ਧਰਮ ਦੇ ਤੇ ਵੱਖੋ-ਵੱਖ ਉਮਰਾਂ ਦੇ ਹਨ– ਰਹਿੰਦਾ ਹਾਂ, .ਕਦੇ ਸਿਨੇਮਾ, ਤਮਾਸ਼ਾ ਸੁਝਦਾ ਹੀ ਨਹੀਂ । |
| 6. ਸੂਟ, ਨਕਟਾਈਆਂ ਦੇ ਢੇਰਾਂ ਵਿੱਚ ਵੀ ਹੋਰ ਹੋਰ ਲੋੜ ਰਹਿੰਦੀ ਸੀ । | 6. ਅਤਿਅੰਤ ਸਾਦਗੀ ਮੇਰਾ ਸੁਭਾਅ ਬਣ ਗਈ ਹੈ । ਉਸਤਤ ਨਿੰਦਾ, ਅਮੀਰੀ ਗਰੀਬੀ ਤੋਂ ਅਸਰ ਰਹਿਤ ਹੋਣਾ ਮੇਰੀ ਰੀਝ ਰਹਿੰਦੀ ਹੈ । |
| 7. ਆਪਣੀ ਗਲੀ, ਆਪਣੇ ਮੁਹੱਲੇ, ਆਪਣੇ ਪ੍ਰਵਾਰ ਵਿੱਚ ਹੀ ਫਸਿਆ ਰਹਿੰਦਾ ਸਾਂ । | 7. ਸਾਰੀ ਦੁਨੀਆ ਮੇਰੀ ਹੈ, ਸਾਰਾ ਜਗਤ ਮੇਰਾ ਹੈ। ਮੈਂ ਸਭ ਦਾ ਹਾਂ । |
| 8. ਆਪਣੇ ਆਪ ਨੂੰ ਵਾਧੂ ਧਰਮੀ, ਵਾਧੂ ਦਇਅਨਤਦਾਰ, ਵਾਧੂ ਸਿਆਣਾ ਸਮਝਦਾ ਸਾਂ । | 8. ਕੇਵਲ ਗੁਰੂ ਹੀ ਗੁਰੂ ਜਾਪਦਾ ਹੈ । ਦਿਨ ਰਾਤ ਕੰਬਦਾ ਹਾਂ ਕਿਉਂਕਿ ਮੇਰੇ ਗੁਨਾਹਾਂ ਦੀ ਪੰਡ ਭਾਰੀ ਹੈ ਤੇ ਚੇਤੇ ਰਹਿੰਦੀ ਹੈ । |

9. ਮੌਤ ਤੋਂ ਹਰ ਵੇਲੇ ਡਰਦਾ ਜਾਂ ਹਰ ਵੇਲੇ ਚਿੰਤਾ ਵਿੱਚ ਰਹਿੰਦਾ ਸਾਂ ।

9. ਮੌਤ ਨੂੰ ਇੱਕ ਜੀਵਨ ਨੂੰ ਪੂਰਾ ਕਰਨ ਵਾਲੀ ਦੇਵੀ ਸਮਝਦਾ ਹਾਂ ਤੇ ਸੱਚ ਲਈ ਸ਼ਹੀਦ ਹੋਣ ਨੂੰ ਰੀਝਦਾਂ ਹਾਂ । ਪਿੱਛੇ ਦਾ ਅਫਸੋਸ ਕਦੇ ਨਹੀਂ ਆਇਆ, ਅੱਗੋਂ ਦਾ ਫਿਕਰ ਨਹੀਂ ਕਿਉਂਕਿ ਗੁਰੂ ਦੇ ਚਰਨਾਂ ਵਿੱਚੋਂ ਅੰਮ੍ਰਿਤ ਚੋਂਦਾ ਹੈ ਤੇ ਮੈਂ ਪੀਵੀ ਜਾਂਦਾ ਹਾਂ ।

10. ਪੈਸੇ ਕਿਸੇ ਨੂੰ ਦਿੰਦਾ ਨਹੀਂ ਸੀ ।

10. ਦਸਵੰਧ ਕੱਢਦਾ ਹਾਂ ਤੇ ਕੱਢਕੇ ਸ਼ੁਕਰ ਕਰਦਾ ਹਾਂ ।

ਇਹ ਸਭ ਕੁਝ ਕਹਿ ਕੇ ਚੁੱਪ ਹੋ ਗਏ । ਅਥਰੂਆਂ ਵਿੱਚ ਗੁਰੂ ਦੇ ਚਰਨਾਂ ਦੀ ਗੱਲ ਕਰਨ ਲੱਗੇ । ਅੰਮ੍ਰਿਤ ਤਾਂ ਗੁਰੂ ਦੇ ਚਰਨ ਹਨ, ਗੁਰੂ ਦੀ ਸਿੱਖਿਆ ਹੈ, ਗੁਰੂ ਦਾ ਹੁਕਮ ਹੈ ਤੇ ਉਸ ਤੇ ਚੱਲਣਾ ਸਿੱਖ ਨੂੰ ਆਪ ਕਰਵਾਈ ਗੁਰੂ ਦੀ ਕਰਾਮਾਤ ਹੈ । ਪਰ ਮੈਂ ਮੂਰਖ ਅਜੇ ਵੀ ਕੰਬਦਾ ਹਾਂ । ਕਿਤੇ ਆਪਣੀ ਮਿਹਨਤ ਨਾ ਸਮਝ ਲਵਾਂ ।

ਮੈਂ ਅਜੇ ਛੋਟਾ ਹੀ ਸਾਂ ਪਰ ਉਨ੍ਹਾਂ ਦਾ ਪ੍ਰਭਾਵ ਮੇਰੇ ਤੇ ਪਿਆ । ਮੈਂ ਬਹੁਤ ਵਾਰ ਸੋਚਿਆ ਕਿ ਉਨ੍ਹਾਂ ਦੀਆਂ ਗੱਲਾਂ ਤੋਂ ਰੀਝ ਕੇ ਅੰਮ੍ਰਿਤ ਛਕ ਲਵਾਂ ਪਰ ਉਹ ਹਮੇਸ਼ਾਂ ਕਹਿੰਦੇ ਰਹੇ ਖਬਰਦਾਰ- ਅੰਮ੍ਰਿਤ ਉਦੋਂ ਛਕੀਂ ਜਦੋਂ ਗੁਰੂ ਆਪ ਬੁਲਾ ਕੇ ਛਕਾਏਗਾ । ਮੈਨੂੰ ਕਦੇ ਸਮਝ ਨਾ ਆਉਂਦੀ ਪਰ ਸਾਹਿਬਾਂ ਨੇ ਤਰਸ ਕੀਤਾ, ਦਸ ਸਾਲ ਹੋਏ । ਮੇਰੀ ਝੋਲੀ ਵਿੱਚ ਮੇਰੇ ਗੁਰੂ ਨੂੰ ਪਵਿੱਤਰ ਪੰਜ ਪਿਆਰਿਆਂ ਰਾਹੀਂ ਅੰਮ੍ਰਿਤ ਦੀ ਦਾਤ ਪਾ ਦਿੱਤੀ । ਮੈਂ ਹਰ ਵੇਲੇ ਆਪਣੇ ਚਾਚਾ ਜੀ ਦੇ ਸਾਥੀ ਦੀਆਂ ਗੱਲਾਂ ਯਾਦ ਕਰਦਾ ਹਾਂ ਤੇ ਕਦੇ ਕਦੇ ਬੇਇਖਤਿਆਰ ਅੱਥਰੂਆਂ ਵਿੱਚ ਤੇ ਭਰੇ ਗਲੇ ਵਿੱਚੋਂ ਆਖਦਾ ਹਾਂ- ਸਾਹਿਬਾ, ਮੈਂ ਵੀ ਤੇਰੇ ਅੰਮ੍ਰਿਤ ਦੀਆਂ ਕਰਾਮਾਤ ਮਹਿਸੂਸ ਕਰਦਾ ਹਾਂ । ਮੈਂ ਐਡਾ ਨੀਚ ਤੂੰ ਐਡਾ ਮਹਾਨ, ਕਿਵੇਂ ਮੇਲ ਹੋਇਆ । ਮੇਰਾ ਤੇਰਾ ਅਕਤੂਬਰ, ਨਵੰਬਰ, ਦਸੰਬਰ, ਜਨਵਰੀ, ਚਾਰ ਮਹੀਨਿਆਂ ਦਾ ਜਨਮ ਦਿਨ, ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਦਿਨ, ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਦਿਨ, ਸਾਹਿਬ ਅਜੀਤ, ਜੁਝਾਰ, ਜ਼ੋਰਾਵਰ ਤੇ ਫਤਿਹ ਸਿੰਘ ਦੇ ਸ਼ਹੀਦੀ ਦਿਨ, ਸਾਰਾ ਸ਼ਹੀਦੀਆ ਭਰਿਆ ਤੇ ਸੱਚ ਭਰਿਆ ਇਤਿਹਾਸ ਮੇਰੇ ਮਨ ਨੂੰ ਪ੍ਰੇਰਨ ਲਈ ਅਵਾਜ਼ਾਂ ਮਾਰਦਾ ਹੈ- ਸਿੱਖ ਖਾਲਸਾ ਬਨਣਾ ਹੈ ? ਤਾਂ ਤੇ 'ਇਤ ਮਾਰਗ ਪੈਰ ਧੀਜੇ, ਸਿਰ ਦੀਜੈ ਕਾਣ ਨ ਕੀਜੈ' ।

ਲੈ ਸਾਹਿਬਾ, ਇੱਕ ਜੋਦੜੀ ਹਜਰਤ ਈਸਾ ਦਾ ਜਨਮ ਦਿਨ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਦਿਨ ਵੀ ਸੀ- 25 ਦਸੰਬਰ 1971 ਨੂੰ- ਜਦ ਅੰਮ੍ਰਿਤ ਦੀ ਬੂੰਦ ਮੇਰੇ ਮੂੰਹ ਵਿਚ ਪਾਈ ਸੀ ਤੂੰ, ਆਸ ਪਾਸ ਬੱਚਿਆ ਦੀ ਸ਼ਹੀਦੀ ਦੇ ਦਿਵਸ ਸਨ । ਮੇਰੀ ਰੀਝ ਪੂਰੀ ਕਰਦੇ । ਆਪਣੇ ਚਾਚੇ ਦੇ ਸਾਥੀ ਵਰਗਾ ਅੰਮ੍ਰਿਤ ਦੀਆਂ ਕਰਾਮਾਤਾਂ ਮਾਣਦਾ ਰਹਵਾਂ, ਛਿਨ ਛਿਨ ਨਾਮ ਤੇ ਸੇਵਾ ਵਿਚ ਬਿਤਾਂਦਾ ਹੋਇਆ ਸੱਚ ਲਈ ਹੱਸ ਕੇ ਜਾਨ ਦੇ ਦੇਵਾਂ ਤੇ ਜਿਨ੍ਹਾਂ ਦੇ ਹੁਕਮ ਨਾਲ ਸ਼ਹੀਦ ਹੋਵਾਂ ਜਿਨ੍ਹਾਂ ਦੀ ਤਲਵਾਰ ਨਾਲ ਜਿਨ੍ਹਾਂ ਦੀ ਗੋਲੀ ਨਾਲ ਸ਼ਹੀਦ ਹੋਵਾਂ, CHRIST ਵਾਗੂੰ ਕਹਿ ਸਕਾਂ-

" LORD FORGIVE THEM THEY KNOW NOT WHAT THEY ARE DOING' ਵਾਹਿਗੁਰੂ ਇਨ੍ਹਾਂ ਨੂੰ ਖਿਮਾ ਕਰ ਦੇਵੀਂ ਇਨ੍ਹਾਂ ਵਿਚਾਰਿਆਂ ਨੂੰ ਪਤਾ ਹੀ ਨਹੀਂ ਇਹ ਕੀ ਕਰ ਰਹੇ ਹਨ "

ਕਿਰਪਾ ਕਰੇਂਗਾ ਨਾ ? ਆਪਣੇ ਬਾਲਕ ਦੀ ਲਾਜ ਰੱਖੇਂਗਾ ਨਾ ?

## ਸਰਦੂਲ ਸਿੰਘ ਔਜਲਾ

# ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਪ੍ਰਸਾਰਣ

ਸ੍ਰੀ ਦਰਬਾਰ ਸਾਹਿਬ ਤੋਂ ਜਿਸ ਸਮੇਂ ਤੋਂ ਕੀਰਤਨ ਦਾ ਸਿੱਧਾ ਪ੍ਰਸਾਰਣ ਕੀਤਾ ਜਾਣ ਲੱਗਾ ਹੈ ਉਸ ਸਮੇਂ ਤੋਂ ਕੋਈ ਵੀ ਵਿਅਕਤੀ ਇਸ ਅਗੰਮੀ ਬਾਣੀ ਦਾ ਘਰ ਬੈਠ ਕੇ ਹੀ ਆਨੰਦ ਪ੍ਰਾਪਤ ਕਰ ਸਕਦਾ ਹੈ । ਦਰਬਾਰ ਸਾਹਿਬ ਜੋ ਕਿ ਸਿੱਖਾਂ ਦਾ ਇੱਕ ਬਹੁਤ ਹੀ ਮਹਾਨ ਤੀਰਥ ਸਥਾਨ ਹੈ ਅਤੇ ਜਿਸਦੇ ਦਰਸ਼ਨ ਕਰਨ ਲਈ ਹਰ ਸਿੱਖ ਹਿਰਦਾ ਹਰ ਸਮੇਂ ਲੋਚਦਾ ਰਹਿੰਦਾ ਹੈ । ਇਸ ਪਵਿੱਤਰ ਸਥਾਨ ਵਿਖੇ ਹੋ ਰਹੇ ਕੀਰਤਨ ਨੂੰ ਪ੍ਰਸਾਰਣ ਦੁਆਰਾ ਘਰ ਬੈਠ ਕੇ ਹੀ ਕੀਰਤਨ ਸੁਣਨ ਦਾ ਅਨੂਠਾ ਆਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ । ਸਿੱਖਾਂ ਦੇ ਇਸ ਤੀਰਥ ਅਸਥਾਨ ਦੇ ਦਰਸ਼ਨਾਂ ਲਈ ਤਾਂ ਅਰਦਾਸ ਵਿੱਚ ਵੀ ਜ਼ਿਕਰ ਕੀਤਾ ਗਿਆ ਹੈ ਕਿ, 'ਹੇ ਪਰਮਾਤਮਾ' ! ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ ਦਾ ਦਾਨ ਸਿੱਖਾਂ ਸੰਗਤਾਂ ਨੂੰ ਬਖਸ਼ਣਾ । ਜੇਕਰ ਕੋਈ ਸਿੱਖ ਕਿਸੇ ਕਾਰਨ ਕਰਕੇ ਇਸ ਮੁਕਤੀ ਦੇ ਦਰ ਦੇ ਦਰਸ਼ਨ ਨਹੀਂ ਕਰ ਸਕਦਾ ਤਾਂ ਉਹ ਘਰ ਬੈਠਕੇ ਆਪਣੀ ਸੁਰਤ ਤੇ ਸਵਾਰ ਹੋ ਕੇ ਕੀਰਤਨ ਦੁਆਰਾ ਹੀ ਸ੍ਰੀ ਦਰਬਾਰ ਸਾਹਿਬ ਨਾਲ ਜੁੜ ਸਕਦਾ ਹੈ ।

ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਦੇ ਪ੍ਰਸਾਰਣ ਨਾਲ ਘਰ-ਘਰ ਗੁਰਬਾਣੀ ਪ੍ਰਤੀ ਅਥਾਹ ਸ਼ਰਧਾ ਵੀ ਪੈਦਾ ਹੋਈ ਹੈ । ਰੇਡੀਓ ਦੇ ਸਵੇਰ ਦੇ ਪ੍ਰਸਾਰਣ ਸਮੇਂ ਜਦੋਂ ਕਿ ਵਾਤਾਵਰਣ ਵਿੱਚ ਇੱਕ ਅਜ਼ੀਬ ਸ਼ਾਂਤੀ ਹੁੰਦੀ ਹੈ, ਤਾਂ ਮਨ ਵਿੱਚ ਰਾਮਦਾਸ ਜੀ ਦੇ ਇਸ ਪਵਿੱਤਰ ਅਸਥਾਨ ਦੇ ਦਰਸ਼ਨਾਂ ਲਈ ਇੱਕ ਅਨੋਖੀ ਖਿੱਚ ਪੈਦਾ ਹੋ ਜਾਂਦੀ ਹੈ ।

ਸਿੱਖਾਂ ਦੀ ਇਹ ਬਹੁਤ ਪਹਿਲਾਂ ਦੀ ਮੰਗ ਸੀ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਕੀਰਤਨ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇ । ਇਹ ਸਿੱਖਾਂ ਦੀ ਇੱਕ ਬਹੁਤ ਵੱਡੀ ਘਾਲਣਾ ਹੈ ਜਿਸਦੇ ਸਿੱਟੇ ਵਜੋਂ ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਦਾ ਸਿੱਧਾ ਪ੍ਰਸਾਰਣ ਸ਼ੁਰੂ ਹੋਇਆ ਹੈ । ਸਭ ਤੋਂ ਵੱਡਾ ਲਾਭ ਇਸ ਪ੍ਰਸਾਰਣ ਦਾ ਇਹ ਵੀ ਹੋਇਆ ਹੈ ਕਿ ਇੱਕ ਅਨਪੜ੍ਹ ਵਿਅਕਤੀ ਜੋ ਕਿ ਗੁਰੂ ਸਾਹਿਬਾਨ ਦੇ ਗੁਰਪੁਰਬਾਂ ਸਬੰਧੀ ਜ਼ਿਆਦਾ ਜਾਣਕਾਰੀ ਨਹੀਂ ਰੱਖਦਾ, ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਦੇ ਸਮੇਂ ਦਿੱਤੀ ਜਾਂਦੀ ਅਜਿਹੇ ਧਾਰਮਿਕ ਸਮਾਗਮਾਂ ਅਤੇ ਗੁਰੂ ਸਾਹਿਬਾਨ ਦੇ ਜਨਮ ਅਤੇ ਜੋਤੀ-ਜੋਤ ਸਮਾਉਣ ਬਾਰੇ ਜਾਣਕਾਰੀ, ਸਹਿਜੇ ਹੀ ਪ੍ਰਾਪਤ ਕਰ ਲੈਂਦਾ ਹੈ ।

ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਦੇ ਪ੍ਰਸਾਰਣ ਨਾਲ ਲੋਕਾਂ ਵਿੱਚ ਅੰਮ੍ਰਿਤ ਵੇਲੇ ਜਾਗਣ ਦੀ ਵੀ ਪਿਰਤ ਪਈ ਹੈ । ਪਿੰਡਾਂ ਦੇ ਲੋਕ ਭਾਵੇਂ ਖੇਤਾਂ ਵਿਚ ਕੰਮ ਕਰਨ ਨਾਲ ਜ਼ਿਆਦਾਤਰ ਥੱਕੇ ਹੋਏ ਹੁੰਦੇ ਹਨ ਫਿਰ ਵੀ ਗੁਰੂ ਘਰ ਦੇ ਪ੍ਰੇਮੀ ਸਿੱਖ ਅੰਮ੍ਰਿਤ ਵੇਲੇ ਇਸ਼ਨਾਨ

***The difference between ordinary and extraordinary is that little extra.***

***Genuis is one percent inspiration and ninety percent perspiration.***

ਕਰਕੇ ਸੁਭਾਵਕ ਹੀ ਰੇਡੀਓ ਦਾ ਸਵਿਚ ਆਨ ਕਰ ਦਿੰਦੇ ਹਨ । ਜਦੋਂ ਦਰਬਾਰ ਸਾਹਿਬ ਤੋਂ ਕੀਰਤਨ ਦਾ ਪ੍ਰਸਾਰਣ ਹੋ ਰਿਹਾ ਹੁੰਦਾ ਹੈ ਤਾਂ ਸ੍ਰੀ ਦਰਬਾਰ ਸਾਹਿਬ ਜੀ ਦਾ ਦ੍ਰਿਸ਼ ਆਪ-ਮੁਹਾਰੇ ਹੀ ਅੱਗੇ ਸਾਹਮਣੇ ਆਪਣੀ ਪਵਿੱਤਰਤਾ ਦਾ ਚਾਨਣ ਖਿਲਾਰ ਦਿੰਦਾ ਹੈ ਤੇ ਦਿਲ ਕਹਿ ਉਠਦਾ ਹੈ !

*ਅੰਮ੍ਰਿਤਸਰ ਸਿਫਤੀ ਦਾ ਘਰ ।*

ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਪ੍ਰਸਾਰਣ ਨਾਲ ਅੰਮ੍ਰਿਤਸਰ ਤੋਂ ਦੂਰ-ਦੁਰਾਡੇ ਖੇਤਰਾਂ ਵਿੱਚ ਬੈਠੇ ਸਿੱਖ ਵੀ ਗੁਰਬਾਣੀ ਵਿੱਚ ਇਸ ਪ੍ਰਸਾਰਣ ਸਦਕਾ ਹੀ ਲੀਨ ਹੋ ਸਕਦੇ ਹਨ ਜਿਵੇਂ ਜਿੱਥੋਂ ਤੱਕ ਇਸ ਪ੍ਰਸਾਰਣ ਦੁਆਰਾ ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਦੀਆਂ ਰਿਸ਼ਮਾਂ ਪਹੁੰਚਦੀਆਂ ਹਨ ਉਥੇ ਹੀ ਧੰਨ ਗੁਰੂ ਰਾਮਦਾਸ ਜੀ ਦੀ ਆਵਾਜ਼ ਆਉਂਦੀ ਹੈ । ਹਰ ਸਿੱਖ ਭਾਵੇਂ ਉਹ ਪੰਜਾਬ ਤੋਂ ਬਾਹਰ ਬੈਠਾ ਹੈ ਭਾਵੇਂ ਉਹ ਪੰਜਾਬ ਦੇ ਵਿੱਚ ਬੈਠਾ ਹੈ, ਸ੍ਰੀ ਦਰਬਾਰ ਸਾਹਿਬ ਨਾਲ ਜੁੜਿਆ ਹੋਇਆ ਹੀ ਮਹਿਸੂਸਦਾ ਹੈ ।

ਸ੍ਰੀ ਦਰਬਾਰ ਸਾਹਿਬ ਦੇ ਚਾਰੇ ਦਰਵਾਜ਼ੇ ਇਸ ਗੱਲ ਦੇ ਪ੍ਰਤੀਕ ਹਨ ਕਿ ਭਾਵੇਂ ਕੋਈ ਸਿੱਖ ਹੋਵੇ, ਹਿੰਦੂ ਹੋਵੇ, ਮੁਸਲਿਮ ਹੋਵੇ ਜਾਂ ਈਸਾਈ ਹੋਵੇ, ਇਹ ਸਥਾਨ ਹਰ ਇੱਕ ਲਈ ਮੁਕਤੀ ਦਾਤਾ ਹੈ ਕਿਉਂਕਿ ਕੀਰਤਨ ਦਾ ਪ੍ਰਸਾਰਣ ਵੀ ਹਰ ਇੱਕ ਇਨਸਾਨ ਦੇ ਘਰ ਤੱਕ ਪਹੁੰਚਦਾ ਹੈ । ਹਰ ਇੱਕ ਦੇ ਕੰਨਾਂ ਵਿੱਚ ਰਸ ਘੋਲਦਾ ਹੈ । ਹਰ ਇੱਕ ਦੇ ਮਨ ਮੰਦਰ ਨੂੰ ਪਵਿੱਤਰਤਾ ਦੀ ਬਖਸ਼ਿਸ਼ ਕਰਦਾ ਹੈ । ਇਸ ਲਈ ਅੰਮ੍ਰਿਤ ਵੇਲੇ ਹਰ ਇੱਕ ਦਾ ਮਨ ਵੀ ਇਸ ਧੁਰ ਕੀ ਬਾਣੀ ਅੱਗੇ ਝੁਕ ਜਾਂਦਾ ਹੈ । ਗੁਰਬਾਣੀ ਦੀ ਇਸ ਰਸ ਭਿੰਨੀ ਖੁਸ਼ਬੂ ਨੂੰ ਹਰ ਜਾਤ, ਰੰਗ, ਨਸਲ ਦਾ ਸ਼ਰਧਾਲੂ ਜੇਕਰ ਉਹ ਸੱਚੇ ਦਿਲ ਵਾਲਾ ਹੈ, ਤਾਂ ਅਜਿਹੀ ਸ਼ਰਧਾ ਨਾਲ ਹੀ ਮਹਿਸੂਸ ਕਰਦਾ ਹੈ ਜਿਨਾ ਕਿ ਇੱਕ ਸ਼ਰਧਾਵਾਨ ਸਿੱਖ ।

ਅਜੋਕੇ ਸਮੇਂ ਵਿਚ ਜਦੋਂ ਕਿ ਕਲਯੁਗ ਆਪਣੇ ਪੂਰੇ ਜ਼ੋਰਾਂ ਤੇ ਹੈ ਕੀਰਤਨ ਹੀ ਮੁਕਤੀ ਦਾ ਇੱਕ ਸਾਧਨ ਹੈ ਕਿਉਂਕਿ ਗੁਰੂ ਸਾਹਿਬ ਨੇ ਤਾਂ ਕਲਯੁਗ ਵਿਚ ਕੀਰਤਨ ਨੂੰ ਹੀ ਪ੍ਰਧਾਨਤਾ ਅਤੇ ਪ੍ਰਮੁੱਖਤਾ ਦਿੱਤੀ ਹੈ । ਦਰਬਾਰ ਸਾਹਿਬ ਤੋਂ ਕੀਰਤਨ ਦੇ ਇਸ ਪ੍ਰਸਾਰਣ ਨਾਲ ਗੁਰਬਾਣੀ ਦਾ ਚਾਨਣ ਭਾਰਤ ਵਿੱਚ ਹੀ ਨਹੀਂ, ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਦੇ ਹਿਰਦਿਆਂ ਵਿਚ ਵੀ ਠੰਡਕ ਵਰਤਾ ਰਿਹਾ ਹੈ । ਭਾਵੇਂ ਕਿ ਦਰਬਾਰ ਸਾਹਿਬ ਤੋਂ ਕੀਰਤਨ ਦਾ ਸਮਾਂ ਕੋਈ ਜ਼ਿਆਦਾ ਨਹੀਂ ਹੈ ਪਰ ਫਿਰ ਵੀ ਜੇਕਰ ਇਸ ਸਮੇਂ ਸਰੋਤਾ ਬਣ ਕੇ ਅਸੀਂ ਇਸ ਸਮੇਂ ਨੂੰ ਵੀ ਸੁਭਾਗਾ ਸਮਾਂ ਬਣਾ ਸਕੀਏ ਤਾਂ ਸਾਡੇ ਧੰਨਭਾਗ ਹੋਣਗੇ । ਪਰਮਾਤਮਾ ਦੀ ਇਸ ਨਗਰੀ ਤੋਂ ਨਿਰੰਕਾਰ ਦੀ ਗੁਰਬਾਣੀ ਦੀਆਂ ਇਹਨਾਂ ਆਨੰਦਮਈ ਅਤੇ ਅਗੰਮੀ ਸੰਗੀਤਕ ਧੁਨਾਂ ਨੂੰ ਹਰ ਇੱਕ ਸਿੱਖ ਹਿਰਦਾ ਇੰਝ ਹੀ ਮਾਣਦਾ ਰਹੇ, ਇਹੀ ਸਾਡੀ ਦੁਆ ਹੈ ।


*ਅੰਮ੍ਰਿਤ ਕੀਰਤਨ ਦੇ ਪੁਰਾਣੇ ਅੰਕ ਜਿਲਦ-ਰੂਪ ਵਿੱਚ ਪ੍ਰਾਪਤ ਕਰਨ ਲਈ ਸੰਪਰਕ ਕਰੋ ।*

*'ਅੰਮ੍ਰਿਤ ਕੀਰਤਨ ਟ੍ਰਸਟ'*
*422, ਸੈਕਟਰ 15 ਏ,*
*ਚੰਡੀਗੜ੍ਹ-160 015*


***Luck is what happens when preparation meets opportunity***

***No problem can stand the assault of sustained thinking***

# ਕੀਰਤਨੀਏ ਦੇ ਗੁਣ

1. ਕੀਰਤਨ ਸਮੇਂ ਥਕੇਵਾਂ ਮਹਿਸੂਸ ਨਾ ਕਰਨਾ ।
2. ਕੀਰਤਨ ਸਮੇਂ ਵਕਤ ਦੀ ਪਾਬੰਦੀ ਰੱਖਣਾ ।
3. ਸ਼ਬਦਾਂ ਨੂੰ ਸਪਸ਼ਟ ਤਰੀਕੇ ਨਾਲ ਬੋਲਣਾ ।
4. ਗਾਉਂਦੇ ਵਕਤ ਚਿਹਰੇ ਅਤੇ ਗਲੇ ਦੀਆਂ ਨਾੜਾਂ ਨਾ ਫੁਲਾਉਣਾ ।
5. ਬਹੁਤ ਉੱਚੀ ਧੌਣ ਕਰਕੇ ਨਾ ਗਾਉਣਾ ।
6. ਚੰਗੇ ਕੀਰਤਨੀਏ ਸਮਾਗਮਾਂ ਦੇ ਮੌਕੇ ਨਾਲ ਸੰਬੰਧਤ ਸ਼ਬਦ ਗਾਇਨ ਕਰਦੇ ਹਨ ।

*(ਰਾਜਿੰਦਰ ਕੌਰ- Akal Spiritual Academy for Women, Gurdwara Baru Sahib, Distt. Sirmore)*

1. ਸ਼ਬਦਾਂ ਦਾ ਉਚਾਰਨ ਸ਼ੁੱਧ ਹੋਵੇ ਜਿਸ ਵਿੱਚ ਲਗਾਂ ਮਾਤ੍ਰਾਂ ਦਾ ਉਚਾਰਨ ਨਿਸਚਤ ਧੁਨੀ ਅਨੁਸਾਰ ਹੋਵੇ ।
2. ਕੀਰਤਨ ਫਿਲਮੀ ਤਰਜ਼ਾਂ ਤੋਂ ਮੁਕਤ ਹੋਵੇ । ਇਹ ਮਨ ਦੀ ਇਕਾਗਰਤਾ ਨੂੰ ਭੰਗ ਕਰਦੀਆਂ ਹਨ ਤੇ ਚੰਚਲਤਾ ਪੈਦਾ ਕਰਦੀਆਂ ਹਨ ।
3. ਕੀਰਤਨੀਆਂ ਆਪਣੀਆਂ ਅੱਖਾਂ ਤੇ ਕਾਬੂ ਰੱਖੇ । ਇਉਂ ਨਾ ਲੱਗੇ ਕਿ ਉਹ ਸਰੋਤਿਆਂ ਜਾਂ ਬੀਬੀਆਂ ਦੇ ਚਿਹਰੇ ਜਾਂ ਫੈਸ਼ਨ ਦੇਖ ਰਿਹਾ ਹੈ ।
4. ਕੀਰਤਨੀਆਂ ਗੁਰੂ-ਪਰਮੇਸ਼ਰ ਪ੍ਰਤੀ ਇਤਨੀ ਸ਼ਰਧਾ ਪੈਦਾ ਕਰ ਦੇਵੇ ਕਿ ਸੰਗਤ ਵਿੱਚ ਵੈਰਾਗ ਦੇ ਹੰਝੂ ਆ ਜਾਣ ਤੇ ਉਹ ਗੁਰੂ ਤੋਂ ਸਦਕੇ ਜਾਵੇ ।
5. ਕੀਰਤਨੀਆਂ ਕੀਰਤਨ ਵਿੱਚ ਆਪ ਇਤਨਾ ਜੁੜਿਆ ਹੋਵੇ ਕਿ ਉਸ ਦੇ ਚਿਹਰੇ ਦੇ ਦਰਸ਼ਨ ਕਰਦਿਆਂ ਗੁਰੂ ਨਜ਼ਰ ਆਏ । ਕੀਰਤਨ ਸੁਣ ਕੇ ਸੰਗਤ ਭੁੱਲ ਜਾਵੇ ਕਿ ਉਹ ਸੰਸਾਰ ਵਿੱਚ ਹੈ ਜਾਂ ਸੱਚਖੰਡ ਵਿੱਚ ਹੈ ।
6. ਕੀਰਤਨੀਏ ਦੀ ਆਪਣੀ ਆਵਾਜ਼ ਮਿੱਠੀ ਤੇ ਸੁਰੀਲੀ ਹੋਵੇ । ਸਾਜ਼ਾਂ ਦੀ ਆਵਾਜ਼ ਬਹੁਤੀ ਨਾ ਹੋਵੇ ।

*(ਕਸ਼ਮੀਰਾਂ ਸਿੰਘ ਹੈਡਮਾਸਟਰ,ਸਤਨਾਮ ਪੁਰਾ, ਫਗਵਾੜਾ)*

1. ਉਸ ਦੀ ਆਵਾਜ਼ ਮਧੁਰ ਹੋਵੇ ।
2. ਗੁਰਬਾਣੀ ਕੰਠ ਹੋਵੇ ਤੇ ਉਚਾਰਨ ਸ਼ੁਧ ਹੋਵੇ ।
3. ਮੌਕੇ ਅਨੁਸਾਰ ਸ਼ਬਦ-ਗਾਇਨ ਕਰੇ ।
4. ਕੀਰਤਨ ਸ਼ਰਧਾ ਭਾਵ ਨਾਲ ਕਰੇ । ਵਪਾਰ ਬਣਾ ਕੇ ਨਹੀਂ ।
5. ਸਮੇਂ ਦੀ ਪਾਬੰਦੀ ਰੱਖੇ । ਕੀਰਤਨ ਸ਼ੁਰੂ ਕਰਨ ਅਤੇ ਖਤਮ ਕਰਨ ਦਾ ਤਰੀਕਾ ਆਉਂਦਾ ਹੋਵੇ ।
6. ਵਚਨ ਦੀ ਪਾਲਣਾ ਕਰੇ । ਪੈਸੇ ਦੇ ਲਾਲਚ ਵਸ ਪਹਿਲਾਂ ਮੰਨੇ ਪ੍ਰੋਗਰਾਮ ਨੂੰ ਜਵਾਬ ਨਾ ਦੇਵੇ ।
7. ਉਸ ਦਾ ਪਹਿਰਾਵਾ ਕੀਰਤਨੀਆਂ ਵਾਲਾ ਹੋਵੇ ।
8. ਉਸ ਨੂੰ ਸਿੱਖ ਧਰਮ, ਇਤਿਹਾਸ 'ਤੇ ਦੂਜੇ ਧਰਮਾਂ ਬਾਰੇ ਵਾਕਫ਼ੀਅਤ ਹੋਣੀ ਚਾਹੀਦੀ ਹੈ ।
9. ਕੀਰਤਨ ਦੀ ਵਿਸ਼ੇਸ਼ ਸ਼ੈਲੀ ਅਤੇ ਰੀਤਾਂ ਵਿੱਚ ਕੀਰਤਨ ਕਰਨ ਵਿੱਚ ਪ੍ਰਵੀਨ ਹੋਵੇ ।
10. ਉਸ ਦੀ ਆਪਣੀ ਰਹਿਣੀ, ਬਹਿਣੀ ਕਥਨੀ ਤੇ ਕਰਨੀ ਉੱਚੀ ਤੇ ਸੁੱਚੀ ਹੋਵੇ ।

*(ਡਾ. ਜੋਗਿੰਦਰ ਸਿੰਘ ਬਾਵਰਾ ਐਮ.ਏ.ਪੀ.ਐਚ.ਡੀ. ਰਾਸਤਾ ਮਹੱਲਾ, ਜਲੰਧਰ )*

1. ਕੀਰਤਨ ਰਾਗਾਂ ਵਿੱਚ ਕਰੇ ਤੇ ਨਿਰਬਾਨ ਕੀਰਤਨ ਕਰੇ, ਕਥਾ ਨਾ ਕਰੇ ।
2. ਅਰਥ ਭਾਵ ਸਮਝ ਕੇ ਕੀਰਤਨ ਕਰੇ ।
3. ਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ ਰਸ ਵਿੱਚ ਸ਼ਰਧਾ ਨਾਲ ਕੀਰਤਨ ਕਰੇ ।
4. ਤਾਲ ਮੇਲ 'ਚ ਰਹੇ ।
5. ਸਪਸ਼ਟ ਉਚਾਰਨ ਨਾਲ ਕੀਰਤਨ ਕਰੇ । ਮੂੰਹ ਵਿੰਗਾ ਟੇਡਾ ਨਾ ਕਰੇ ।
5. ਬਾਹਵਾਂ ਨਾ ਹਿਲਾਵੇ ।

*(ਮਿਸਜ਼ ਦਮਿਅੰਤੀ ਐਮ.ਏ. ਚੰਡੀਗੜ੍ਹ)*

# ਸੰਗੀਤ ਸਿੱਖਿਆ

### *1. ਲੈਅ*

ਸੰਗੀਤ ਵਿੱਚ ਸਮੇਂ ਨੂੰ ਇੱਕੋ ਜਿਹੇ ਹਿੱਸਿਆ ਵਿੱਚ ਵੰਡਣ ਨੂੰ ਲੈਅ ਕਹਿੰਦੇ ਹਨ। ਸਾਡੇ ਦਿਲ ਦੀ ਧੜਕਣ ਦੀ ਧਕ-ਧਕ ਅਤੇ ਘਾੜੀ ਦੀ ਟਿੱਕ-ਟਿੱਕ ਲੈਅ ਦੀਆਂ ਸੂਚਕ ਹਨ। ਘਾੜੀ ਟਿੱਕ-ਟਿੱਕ ਲੈਅ ਵਿੱਚ ਹੁੰਦੀ ਹੈ ਭਾਵ ਜਿਤਨੇ ਸਮੇਂ ਬਾਆਦ ਪਹਿਲੀ ਇੱਕ ਤੋਂ ਦੂਜੀ ਟਿੱਕ ਹੁੰਦੀ ਹੈ ਉਨੇ ਸਮੇਂ ਬਾਅਦ ਹੀ ਦੂਜੀ ਟਿੱਕ ਹੁੰਦੀ ਹੈ। ਲੈਅ ਤਿੰਨ ਪ੍ਰਕਾਰ ਦੀ ਹੁੰਦੀ ਹੈ।

ਜੋ ਲੈਅ ਨਾ ਬਹੁਤੀ ਤੇਜ਼ ਹੋਵੇ ਅਤੇ ਨਾ ਬਹੁਤੀ ਧੀਮੀ ਹੋਵੇ ਅਜਿਹੀ ਸਧਾਰਨ ਲੈਅ ਨੂੰ ਮੱਧ ਲੈਅ ਕਿਹਾ ਜਾਂਦਾ ਹੈ। ਘੜੀ ਦੀ ਟਿੱਕ ਟਿੱਕ ਜੋ ਹਰ ਸਕਿੰਟ ਬਾਅਦ ਹੁੰਦੀ ਹੈ। ਉਸ ਨੂੰ ਮੱਧ ਲੈਅ ਕਿਹਾ ਜਾ ਸਕਦਾ ਹੈ। ਜੇ ਅਸੀਂ ਉਸ ਟਿੱਕ ਨਾਲ ਇੱਕ ਦੋ ਇੱਕ ਦੋ ਬੋਲੀ ਜਾਈਏ ਤਾਂ ਅਸੀਂ ਮੱਧ ਲੈਅ ਵਿੱਚ ਇੱਕ ਦੋ, ਇੱਕ ਦੋ ਬੋਲ ਰਹੇ ਹੁੰਦੇ ਹਾਂ।

### *2. ਵਿਲੰਬਤ ਲੈਅ*

ਮੱਧ ਲੈਅ ਤੋਂ ਲਗਭਗ ਦੁਗਣੀ ਧੀਮੀ ਚਾਲ ਨੂੰ ਵਿਲੰਬਤ ਲੈਅ ਕਹਿੰਦੇ ਹਨ। ਜਦੋਂ ਅਸੀਂ ਇੱਕ ਦੋ ਨੂੰ ਬੋਲਣ ਲਈ ਚਾਰ ਸਕਿੰਟ ਦਾ ਸਮਾ ਲਈਏ ਤਾਂ ਇਹ ਵਿਲੰਬਤ ਲੈਅ ਹੋਵੇਗੀ ਅਰਥਾਤ ਇੱਕ ਬੋਲਣ ਲਈ ਘੜੀ ਦੀ ਟਿੱਕ ਦੋ ਵਾਰ ਹੋਵੇਗੀ ਅਤੇ ਇੱਕ ਦੋ ਬੋਲਣ ਲਈ ਚਾਰ ਵਾਰ ਟਿੱਕ ਟਿੱਕ ਟਿੱਕ ਟਿੱਕ ਹੋਵੇਗੀ।

### *3. ਦਰੁੱਤ ਲੈਅ*

ਤੇਜ਼ ਲੈਅ ਨੂੰ ਦਰੁੱਤ ਲੈਅ ਕਹਿੰਦੇ ਹਨ। ਜਦੋਂ ਇੱਕ ਦੋ ਇਤਨੀ ਜਲਦੀ ਬੋਲੀ ਜਾਵੇ ਕਿ ਇੱਕ ਸਕਿੰਟ ਦਾ ਹੀ ਸਮਾਂ ਲਗੇ ਅਤੇ ਦੋ ਸਕਿੰਟਾਂ ਵਿੱਚ ਇੱਕ ਦੋ ਤਿੰਨ ਚਾਰ ਜਲਦੀ ਜਲਦੀ ਬੋਲ ਦੇਈਏ ਤਾਂ ਇਹ ਦਰੁੱਤ ਲੈਅ ਹੋਵੇਗੀ। ਹੱਥ ਨਾਲ ਤਾਲੀ ਦੇ ਕੇ ਲੈਅ ਦਾ ਅਭਿਆਸ ਕਰਨਾ ਚਾਹੀਦਾ ਹੈ।

### *ਤਾਲ*

ਜਿਸ ਤਰ੍ਹਾਂ ਸੁਰਾਂ ਤੋਂ ਰਾਗ ਬਣਦੇ ਹਨ ਇਸੇ ਤਰ੍ਹਾਂ ਲੈਅ ਦੀਆਂ ਮਾਤਰਾਵਾਂ ਨੂੰ ਵੱਖ-ਵੱਖ ਢੰਗਾਂ ਨਾਲ ਨੀਯਤ ਕਰਕੇ ਤਾਲ ਬਣਦੇ ਹਨ।

### *ਮਾਤਰਾ*

ਜਿਵੇਂ ਕਿ ਤਾਲ ਦਾ ਵਰਣਨ ਕਰਦਿਆਂ ਦੱਸਿਆ ਹੈ ਮਾਤਰਾਵਾਂ ਨਾਲ ਤਾਲ ਬਣਦੇ ਹਨ। ਮਾਤਰਾ ਸੰਗੀਤ ਵਿੱਚ ਸਮੇਂ ਨੂੰ ਨਾਪਣ ਦੀ ਇੱਕ ਇਕਾਈ ਹੈ। ਜਿਸ ਤਰ੍ਹਾਂ ਸਥਾਨ ਦੀ ਦੂਰੀ ਮੀਟਰਾਂ ਵਿੱਚਂ ਨਾਪੀ ਜਾਂਦੀ ਹੈ। ਸਮੇਂ ਨੂੰ ਮਿੰਟਾਂ, ਸਕਿੰਟਾਂ ਵਿੱਚ ਨਾਪਿਆ ਜਾਂਦਾ ਹੈ। ਇਸੇ ਤਰ੍ਹਾਂ ਸੰਗੀਤਕ ਸਮੇਂ ਨੂੰ ਨਾਪਣ ਲਈ ਮਾਤਰਾਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮਾਤਰਾਵਾਂ ਵਿਚਲਾ ਸਮਾਂ ਆਪਣੀ ਇੱਛਾ ਅਨੁਸਾਰ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ। ਵਿਲੰਬਤ ਲੈਅ ਵਿੱਚ ਸਮਾਂ ਵਧੇਰੇ ਹੋਵੇਗਾ ਅਤੇ ਦਰੁੱਤ ਲੈਅ ਵਿੱਚ ਘੱਟ ਹੋਵੇਗਾ ਮਾਤਰਾਵਾਂ ਦਾ ਅਭਿਆਸ ਕਰਨ ਨਾਲ ਲੈਅ ਅਤੇ ਤਾਲ

## *ਜ਼ਰੂਰੀ ਬੇਨਤੀ*

*ਜੇ ਤੁਹਾਡੇ ਕੋਲ 'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ। ਇਹਨਾਂ ਨੂੰ ਰੱਦੀ ਵਿੱਚ ਨਾ ਵੇਚਣਾ/ਸੁੱਟਣਾ ਜੀ।*

ਸੰਪਾਦਕ

ਵਿਚ ਨਿਪੁੰਨਤਾ ਹਾਸਲ ਹੁੰਦੀ ਹੈ ।

*ਵਿਭਾਗ*

ਤਾਲ ਦੀਆਂ ਮਾਤਰਾਵਾਂ ਨਿਸ਼ਚਿਤ ਕਰਕੇ ਫਿਰ ਉਸ ਦੇ ਵਿਭਾਗ ਬਣਾਏ ਜਾਂਦੇ ਹਨ । ਆਮ ਤੌਰ ਤੇ ਇਹ ਵਿਭਾਗ ਹੀ ਤਾਲ ਤੇ ਗਾਈ ਜਾਂ ਵਜਾਈ ਜਾ ਰਹੀ ਬੰਦਸ਼ ਦੀ ਚਾਲ ਅਤੇ ਝੋਲ ਨੂੰ ਨਿਸਚਿਤ ਕਰਦੇ ਹਨ । ਜਿਵੇਂ ਤਿੰਨ ਤਾਲ ਦੀਆਂ ਸੋਲਾਂ ਮਾਤਰਾਂ ਵਿਚ ਚਾਰ ਚਾਰ ਮਾਤਰਾ ਦੇ ਬਰਾਬਰ ਦੇ ਵਿਭਾਗ ਹਨ ; ਇਸ ਤਰ੍ਹਾਂ ਝਪ ਤਾਲ ਦੀਆਂ 10 ਮਾਤਰਾਂ ਹੁੰਦੀਆਂ ਹਨ ਅਤੇ ਚਾਰ ਵਿਭਾਗ ਹੁੰਦੇ ਹਨ ਇਸ ਦੇ ਵਿਭਾਗਾਂ ਦੀਆਂ ਮਾਤਰਾਂ ਦੀ ਗਿਣਤੀ ਵੱਖ-ਵੱਖ ਹੁੰਦੀ ਹੈ । ਪਹਿਲਾ ਅਤੇ ਤੀਸਰਾ ਵਿਭਾਗ ਦੋ-ਦੋ ਮਾਤਰਾ ਦਾ ਦੂਸਰਾ ਅਤੇ ਚੌਥਾ ਵਿਭਾਗ ਤਿੰਨ ਤਿੰਨ ਮਾਤਰਾ ਦਾ ਹੁੰਦਾ ਹੈ । ਆਮ ਤੌਰ ਤੇ ਹਰ ਵਿਭਾਗ ਦੀ ਅਰੰਭਕ ਮਾਤਰਾ ਤੇ ਤਾਲੀ ਜਾਂ ਖ਼ਾਲੀ ਦਾ ਸੰਕੇਤ ਦਿੱਤਾ ਜਾਂਦਾ ਹੈ । ਵਿਭਾਗ ਦੀ ਵੰਡ ਦਰਸਾਉਣ ਲਈ ਸੰਗੀਤ ਲਿਪੀ ਵਿੱਚ ਕਈ ਵਾਰ ਦੋ ਵਿਭਾਗਾਂ ਵਿੱਚਕਾਰ ਇੱਕ ਖੜੀ ਰੇਖਾ ਲਗਾਈ ਜਾਂਦੀ ਹੈ ਜਾਂ ਇੱਥੇ ਵਧੇਰੇ ਵਿੱਥ ਛੱਡੀ ਜਾਂਦੀ ਹੈ ।

*ਸਮ*

ਜਦੋਂ ਲੈਅ ਨੂੰ ਮਾਤਰਾਵਾਂ ਵਿੱਚ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਤਾਲ ਨਿਸ਼ਚਿਤ ਹੁੰਦਾ ਹੈ । ਨਿਸਚਿਤ ਮਾਤਰਾਵਾ ਦੇ ਚੱਕਰ ਸ਼ੁਰੂ ਹੋ ਜਾਂਦੇ ਹਨ । ਤਾਲ ਦੀਆਂ ਨਿਸਚਿਤ ਮਾਤਰਾਂ ਪੂਰੀਆਂ ਹੋਣ ਤੇ ਫਿਰ ਦੂਜਾ ਤੀਜਾ ਚੱਕਰ ਸ਼ੁਰੂ ਕੀਤਾ ਜਾਂਦਾ ਹੈ । ਇਹਨਾਂ ਚੱਕਰਾਂ ਨੂੰ ਸ਼ੁਰੂ ਕਰਨ ਵਾਲੀ ਮਾਤਰਾ ਵਿਸ਼ੇਸ਼ ਹੁੰਦੀ ਹੈ । ਇਸ ਨੂੰ ਸਮ ਕਿਹਾ ਜਾਂਦਾ ਹੈ । ਜੇ ਕੋਈ ਤਾਲ ਵੱਜ ਰਿਹਾ ਹੋਵੇ ਤਾਂ ਸਮ ਤੋਂ ਸਮ ਤੱਕ ਦੀਆਂ ਮਾਤਰਾਵਾਂ ਗਿਣਕੇ ਤਾਲ ਦਾ ਪਤਾ ਲਗਾਇਆ ਜਾਂਦਾ ਹੈ । ਸਮ ਨੂੰ ਸਮਝਣ ਲਈ ਘੜੀ ਦੀ ਉਦਾਹਰਨ ਲੈਣੀ ਉਚਿਤ ਹੋਵੇਗੀ । ਜਿਵੇਂ ਘੜੀ ਦੀ ਸੂਈ 12 ਤੋਂ ਚੱਲ ਕੇ ਫਿਰ 12 ਤੇ ਆ ਜਾਂਦੀ ਹੈ । ਇਸੇ ਤਰ੍ਹਾਂ ਅਸੀਂ 12 ਨੂੰ ਸਮ ਕਹਿ ਸਕਦੇ ਹਾਂ । ਸਮ ਸੰਗੀਤ ਵਿੱਚ ਇਤਨਾਂ ਮਹੱਤਰਪੂਰਨ ਹੈ ਕਿ ਗਾਉਣ ਵਜਾਉਣ ਵੇਲੇ ਜਦੋਂ ਸੰਗੀਤਕਾਰ ਸਮ ਤੇ ਆਉਂਦਾ ਹੈ ਤਾਂ ਗਾਇਕ ਵਾਦਕ ਅਤੇ ਸਰੋਤਿਆ ਦੇ ਸਰੀਰ ਦਾ ਕੋਈ ਨਾ ਕੋਈ ਅੰਗ ਆਪਣੇ ਆਪ ਹਿੱਲ ਜਾਂਦਾ ਹੈ । ਇਸ ਨਾਲ ਸੰਗੀਤ ਦੇ ਅਨੰਦ ਵਿੱਚ ਵਾਧਾ ਹੁੰਦਾ ਹੈ । ਸੰਗੀਤ ਲਿਪੀ ਵਿੱਚ ਇਸ ਨੂੰ ਦਰਸਾਉਣ ਲਈ ਚਿੰਨ x ਵਰਤਿਆ ਜਾਂਦਾ ਹੈ ।

*ਤਾਲੀ*

ਤਾਲ ਵਿਚ ਮਾਤਰਾਵਾਂ ਦੇ ਜੋ ਵਿਭਾਗ ਬਣਾਏ ਜਾਂਦੇ ਹਨ ਉਹਨਾਂ ਦੀ ਵੰਡ ਨੂੰ ਦਰਸਾਉਣ ਲਈ ਤਾਲੀ ਵਜਾਈ ਜਾਂਦੀ ਹੈ । ਇਸ ਤਰ੍ਹਾਂ ਤਾਲ ਦੇ ਅਭਿਆਸ ਲਈ ਵਿਭਾਗਾਂ ਦੀ ਵੰਡ ਨੂੰ ਦਰਸਾਉਂਦਿਆਂ ਤਾਲੀ ਵਜਾਈ ਜਾਂਦੀ ਹੈ । ਸੰਗੀਤ ਲਿਪੀ ਵਿਚ ਇਸ ਲਈ 1,2,3, ਭਾਵ ਪਹਿਲੀ ਦੂਜੀ ਤੀਜੀ ਤਾਂਲੀ ਲਿਖਿਆ ਜਾਂਦਾ ਹੈ ।

*ਖ਼ਾਲੀ*

ਤਾਲ ਵਿਚ ਵਿਭਾਗਾਂ ਦੀ ਵੰਡ ਵੇਲੇ ਜਿਵੇਂ ਸਮ ਹੁੰਦਾ ਹੈ, ਤਾਲੀ ਹੁੰਦੀ ਹੈ ਇਸ ਤਰ੍ਹਾਂ ਖ਼ਾਲੀ ਵੀ ਹੁੰਦੀ ਹੈ । ਖ਼ਾਲੀ ਅਸਲ ਵਿਚ ਤਾਲ ਦੀ ਚਾਲ ਅਤੇ ਝੋਲ ਨੂੰ ਦਰਸਾਉਣ ਲਈ ਹੁੰਦੀ ਹੈ ਇਸ ਮਾਤਰਾ ਉਪਰ ਕਿਸੇ ਤਰ੍ਹਾਂ ਦਾ ਜ਼ੋਰ ਨਹੀਂ ਦਿੱਤਾ ਜਾਂਦਾ । ਅਭਿਆਸ ਵੇਲੇ ਜਿਵੇਂ ਤਾਲੀ ਜਾਂ ਸਮ ਦੇ ਥਾਂ ਤਾਲੀ ਵਜਾਈ ਜਾਂਦੀ ਹੈ ਉਸ ਤਰ੍ਹਾਂ ਖ਼ਾਲੀ ਵੇਲੇ ਹੱਥ ਖੁੱਲਾ ਜਿਹਾ ਕੀਤਾ ਜਾਂਦਾ ਹੈ । ਜਿਸ ਤਰ੍ਹਾਂ ਕੋਈ ਚੀਜ਼ ਪਰ੍ਹਾਂ ਹਟਾ ਰਹੇ ਹੋਈਏ । ਸੰਗੀਤ ਲਿਪੀ ਵਿਚ ਖ਼ਾਲੀ ਲਈ ਚਿੰਨ 0 ਪ੍ਰਯੋਗ ਕੀਤਾ ਜਾਂਦਾ ਹੈ ।


***ਗੁਰਮਤਿ ਸੰਗੀਤ ਵਿਸ਼ੇਸ਼ ਅੰਕ***

*ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿਲੱਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਾਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ । ਕੀਮਤ ਕੇਵਲ 30-00 ਰੁਪਏ ਡਾਕ ਖਰਚ ਸਮੇਤ ।*

*'ਅੰਮ੍ਰਿਤ ਕੀਰਤਨ' ਟਰੱਸਟ, 422, ਸੈਕਟਰ 15-ਏ, ਚੰਡੀਗੜ੍ਹ*

ਹਰਚਰਨ ਸਿੰਘ, ਕਲਕਤਾ

# ਕਰਿ ਕਿਰਪਾ ਕਿਰਪਾਲ

ਪਿਛਲੇ ਦਿਨੀਂ 'ਸਾਗਾ ਮਿਉਜ਼ਿਕ ਕੈਸਟ ਕੰਪਨੀ, ਦਿੱਲੀ' ਵੱਲੋਂ ਭਾਈ ਹਰਪਾਲ ਸਿੰਘ ਜੀ ਦੁਆਰਾ ਗਾਇਨ ਕੀਤੀ ਗਈ ਗੁਰਬਾਣੀ ਕੀਰਤਨ ਦੀ ਕੈਸਟ 'ਕਰਿ ਕਿਰਪਾ ਕਿਰਪਾਲ' ਰਿਲੀਜ਼ ਕੀਤੀ ਗਈ ਹੈ। ਕੈਸਟ ਦੇ ਕਵਰ ਦੇ ਉਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਤਸਵੀਰ ਦੇ ਨਾਲ ਨਾਲ, ਆਪ ਜੀ ਦੀ ਕੇਸਰੀ ਰੰਗ ਦੀ ਛੋਟੀ ਗੋਲ ਦਸਤਾਰ ਵਾਲੀ ਫੋਟੋ ਛਾਪੀ ਗਈ ਹੈ ਅਤੇ ਆਪ ਜੀ ਦੇ ਨਾਂ ਦੇ ਅੱਗੇ ਬਰੈਕਟ ਵਿੱਚ ਲਿਖਿਆ ਹੋਇਆ ਹੈ 'ਦਮਦਮੀ ਟਕਸਾਲ ਮਹਿਤਾ ਵਾਲੇ'। ਇਸ ਤੋਂ ਇਹ ਪ੍ਰਤੱਖ ਪ੍ਰਤੀਤ ਹੁੰਦਾ ਹੈ ਕਿ ਆਪ ਜੀ ਦਮਦਮੀ ਟਕਸਾਲ ਨਾਲ ਸਬੰਧ ਰੱਖਦੇ ਹਨ 'ਤੇ ਉਥੋਂ ਹੀ ਆਪ ਜੀ ਨੇ ਕੀਰਤਨ ਵਿੱਦਿਆ ਪ੍ਰਾਪਤ ਕੀਤੀ ਹੈ।

ਇਸ ਕੈਸਟ ਵਿੱਚ ਕੁਲ ਛੇ ਸ਼ਬਦ ਹਨ, ਏ ਸਾਈਡ ਦਾ ਪਹਿਲਾ ਸ਼ਬਦ ਗਉੜੀ ਮਹਲਾ 5 ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 188 ਉੱਪਰ ਅੰਕਿਤ ਹੈ, ਇਸ ਸ਼ਬਦ ਦੇ ਬੋਲ ਹਨ 'ਮਰਿ ਨਾ ਜਾਹੀ, ਜਿਨਾ ਬਿਸਰਤ ਰਾਮ ॥ ਨਾਮ ਬਿਹੂਨ ਜੀਵਨ ਕਉਨ ਕਾਮ ॥' ਕਹਿਰਵਾ ਤਾਲ ਵਿੱਚ ਨਿਬੱਧ ਇਸ ਸ਼ਬਦ ਦੇ ਅੰਤਰੇ ਤੋਂ ਸਵੇਰ ਦੇ ਰਾਗ ਅਹੀਰ ਭੈਰਵ ਦੀ ਝਲਕ ਮਿਲਦੀ ਹੈ। ਰਹਾਉ ਦੀ ਪੰਕਤੀ ਨੂੰ ਹੀ ਅਸਥਾਈ ਬਣਾਇਆ ਗਿਆ ਹੈ। ਆਪ ਦੇ ਨਾਲ ਦੇ ਸਾਥੀ ਨੇ ਅਸਥਾਈ ਵਿੱਚ ਡਬਲ ਸਕੇਲ 'ਤੇ ਗਾ ਕੇ ਸੁਹਣਾ ਸਾਥ ਨਿਭਾਇਆ ਹੈ। ਸ਼ਬਦ ਅਪ੍ਰਚੱਲਿਤ ਹੈ ਅਤੇ ਕੈਸੀਉ ਦਾ ਸੁੰਦਰ ਉਪਯੋਗ ਕੀਤਾ ਗਿਆ ਹੈ।

ਇਸ ਸਾਈਡ ਦੇ ਦੂਸਰੇ ਸਬਦ ਦੇ ਬੋਲ ਹਨ- 'ਕਰਿ ਕਿਰਪਾ ਕਿਰਪਾਲ, ਆਪੇ ਬਖਸ਼ਿ ਲੈ ॥ ਸਦਾ ਸਦਾ ਜਪੀ ਤੇਰਾ ਨਾਮੁ, ਸਤਿਗੁਰ ਪਾਇ ਪੈ ॥' ਪਰੰਤੂ ਕੈਸਟ ਦੇ ਕਵਰ ਉਤੇ 'ਕਰਿ' ਦੀ ਜਗ੍ਹਾ 'ਕਰ' ਛਪਿਆ ਹੈ। ਇਹ ਸ਼ਬਦ ਸਲੋਕ ਮ: 5 (ਰਾਮਕਲੀ ਦੀ ਵਾਰ ਮ: 5) ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 861 ਉੱਪਰ ਅੰਕਿਤ ਹੈ। ਸ਼ਬਦ ਦੀ ਰੀਤ ਸੁਹਣੀ ਹੈ ਪਰ ਅਸਥਾਈ ਵਿੱਚ ਹਰ ਵਾਰ 'ਆਪੇ ਬਖਸਿ ਲੈ' ਗਾਇਨ ਕਰਨ ਦੇ ਨਾਲ ਵਾਹਿਗੁਰੂ ਦਾ ਉਚਾਰਨ ਕਰਨਾ ਉਚਿਤ ਨਹੀਂ। ਆਪ ਜੀ ਦੀ ਗਾਇਕੀ ਵਿੱਚ ਨਾਸਿਕਾ ਦਾ ਜ਼ਿਆਦਾ ਪ੍ਰਯੋਗ ਹੁੰਦਾ ਹੈ।

ਏ-ਸਾਈਡ ਦਾ ਤੀਜਾ ਸ਼ਬਦ ਗਉੜੀ ਮਹਲਾ 5 ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 193 ਉੱਪਰ ਅੰਕਿਤ ਹੈ। ਆਪ ਜੀ ਨੇ ਕਹਿਰਵੇ ਤਾਲ ਵਿੱਚ ਨਿਬੱਧ ਇਸ ਸ਼ਬਦ ਦੀ ਰਹਾਉ ਦੀ ਪੰਕਤੀ ਨੂੰ ਹੀ ਅਸਥਾਈ ਵਜੋਂ ਪ੍ਰਯੋਗ ਕੀਤਾ ਹੈ ਅਤੇ ਸ਼ਬਦ ਦੇ ਬੋਲ ਹਨ 'ਜਾ ਕੈ ਹਰਿ ਵਸਿਆ ਮਨ ਮਾਹੀ ॥ ਤਾ ਕਉ ਦੁਖੁ ਸੁਪਨੈ ਭੀ ਨਾਹੀ ॥' ਇਸ ਸ਼ਬਦ ਦਾ ਗਾਇਨ ਵੀ ਸੁੰਦਰ ਹੈ। ਅੰਤਰਾ ਬੜੇ ਠਹਿਰਾ ਨਾਲ ਪੜ੍ਹਿਆ ਗਿਆ ਹੈ। ਪਰ ਇੱਥੇ ਵੀ ਇਹ ਦੱਸ ਦੇਣਾ ਜ਼ਰੂਰੀ

*Success is simply a matter of luck. Ask any failure*

*In great attempts it is glorious even to fail.*

ਹੈ ਕਿ ਕੈਸਟ ਦੇ ਅੰਦਰੂਨੀ ਪਾਸੇ ਸ਼ਬਦਾਂ ਦੀ ਲਿਸਟ ਵਿੱਚ 'ਹਰਿ ਵਸਿਆ' ਦੇ ਸਥਾਨ 'ਤੇ 'ਘਰ ਵਸਿਆ' ਛਪਿਆ ਹੋਇਆ ਹੈ ।

ਕੈਸਟ ਦੀ ਬੀ-ਸਾਈਡ ਦੇ ਪਹਿਲੇ ਸ਼ਬਦ ਦੇ ਬੋਲ ਹਨ 'ਤੂੰ ਦਾਤਾ ਪ੍ਰਭ ਦੇਵਣਹਾਰੁ ॥' ਇਹ ਸ਼ਬਦ ਸੂਹੀ ਮਹਲਾ 5 ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 743 ਉੱਪਰ ਅੰਕਿਤ ਹੈ ਅਤੇ ਇਸ ਸ਼ਬਦ ਦੀ ਰਹਾਉ ਦੀ ਪੰਕਤੀ ਹੈ 'ਸੁਣਿ ਬੇਨਤੀ ਪ੍ਰਭ ਦੀਨ ਦਇਆਲਾ ॥ ਸਾਧ ਗਾਵਹਿ ਗੁਣ ਸਦਾ ਰਸਾਲਾ ॥' ਇਹ ਸ਼ਬਦ ਆਪ ਜੀ ਨੇ ਮਿਸ਼੍ਰ ਸ਼ਿਵਰੰਜਨੀ ਰਾਗ ਵਿੱਚ ਗਾਇਨ ਕੀਤਾ ਹੈ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕੈਸਟ ਉੱਪਰ ਇਸ ਸ਼ਬਦ ਦੀ ਛਪਾਈ ਵੀ ਅਸ਼ੁੱਧ ਹੈ- 'ਪ੍ਰਭ ਦੇਵਣਹਾਰੁ' ਦੇ ਸਥਾਨ 'ਤੇ ਸਾਹ ਦੇਵਣ ਹਾਰ ਛਪਿਆ ਹੋਇਆ ਹੈ ਅਤੇ ਤਬਲਾ ਵੀ ਬੇਸੁਰਾ ਹੈ ।

ਬੀ-ਸਾਈਡ ਦਾ ਦੂਸਰਾ ਸ਼ਬਦ ਬਿਲਾਵਲੁ ਮਹਲਾ 5 ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 846 ਉੱਪਰ ਅੰਕਿਤ ਹੈ । ਇਸ ਦੇ ਬੋਲ ਹਨ 'ਸੁਣਿ ਸਖੀਆ ਸਹੇਲੜੀਹੋ, ਮਿਲਿ ਮੰਗਲੁ ਗਾਵਹ ਰਾਮ ॥ ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ ਕਉ ਰਾਵਹ ਰਾਮ ॥' ਕਹਿਰਵੇ ਵਿੱਚ ਹੀ ਨਿਬੱਧ ਇਹ ਸਬਦ ਵੀ ਅਪ੍ਰਚੱਲਿਤ ਹੈ । ਇਸ ਸ਼ਬਦ ਦੀ ਰੀਤ ਬਹੁਤ ਹੀ ਸੁਹਣੀ ਹੈ ਅਤੇ ਵਾਰ ਵਾਰ ਸੁਣਨ ਦੀ ਇੱਛਾ ਕਰਦੀ ਹੈ । ਕੈਸੀਉ ਦਾ ਪ੍ਰਯੋਗ ਵੀ ਬਹੁਤ ਢੁੱਕਵਾਂ ਕੀਤਾ ਗਿਆ ਹੈ । ਪਰ ਪੰਕਤੀ ਦੀ ਅਸ਼ੁੱਧ ਛਪਾਈ ਦੀ ਗ਼ਲਤੀ ਇੱਥੇ ਵੀ ਹੈ ।

ਬੀ-ਸਾਈਡ ਦੇ ਤੀਸਰੇ ਅਤੇ ਇਸ ਕੈਸਟ ਦੇ ਅੰਤਲੇ ਸ਼ਬਦ ਦਾ ਗਾਇਨ ਆਪ ਜੀ ਨੇ 'ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥ ਬਡੇ ਬਡੇ ਅਹੰਕਾਰੀਆ, ਨਾਨਕ ਗਰਬਿ ਗਲੇ ॥' ਦੇ ਅਲਾਪ ਨਾਲ ਕੀਤਾ ਹੈ । ਕਹਿਰਵਾ ਤਾਲ ਵਿੱਚ ਹੀ ਨਿਬੱਧ ਇਸ ਸ਼ਬਦ ਦੇ ਬੋਲ ਹਨ- 'ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨ ਹਢਾਇ ॥ ਦੇਹੀ ਰੋਗੁ ਨਾ ਲਗਈ, ਪਲੈ ਸਭੁ ਕਿਛੁ ਪਾਇ ॥' ਇਹ ਸਲੋਕ ਸ਼ੇਖ ਫਰੀਦ ਜੀ ਦੀ ਰਚਨਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1382 ਉੱਪਰ ਅੰਕਿਤ ਹੈ । ਇਸ ਸ਼ਬਦ ਦਾ ਗਾਇਨ ਵੀ ਸੁੰਦਰ ਹੈ ।

ਸਮੁੱਚੇ ਤੌਰ 'ਤੇ ਕੈਸਟ ਵਧੀਆ ਬਣ ਆਈ ਹੈ ਅਤੇ ਆਮ ਕੈਸਟਾਂ ਨਾਲੋਂ ਭਿੰਨ ਜਾਪਦੀ ਹੈ । ਕੈਸਟ ਰਿਲੀਜ਼ ਕਰਨ ਵਾਲੀ ਕੰਪਨੀ ਨੂੰ ਸ਼ੁਧ ਛਪਾਈ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ।

173, ਪਾਰਟ ਸਟਰੀਟ,
ਕਲਕੱਤਾ 700 017

**The Sikh Courier**

**88 Mollison Way, Edgware Middlesex**
**(Greator London) U.K.**

**The Sikh Review**

**116 Karnani Mansion**
**25-A, Park Steet, Calcutta 700016**

## ਲੇਖਕਾਂ ਪ੍ਰਤੀ ਬੇਨਤੀ

*'ਅੰਮ੍ਰਿਤ ਕੀਰਤਨ' ਵਿੱਚ ਛਪਣ ਹਿਤ ਲੇਖ ਭੇਜਣ ਵਾਲੇ ਸੱਜਣਾਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਲੇਖ ਵਿੱਚ ਅੰਮ੍ਰਿਤ ਗੁਰਬਾਣੀ ਦੀਆਂ ਲਗਾਂ ਮਾਤ੍ਰਾ ਆਦਿ ਨੂੰ ਸੋਧ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਲਿਖ ਕੇ ਭੇਜਣ ਦੀ ਕਿਰਪਾਲਤਾ ਕੀਤਾ ਕਰਨ ।*

*-ਸੰਪਾਦਕ*

ਹਰਚਰਨ ਸਿੰਘ, ਕਲਕਤਾ

# ਪੂਤਾ ਮਾਤਾ ਕੀ ਆਸੀਸ

ਮੌਜੂਦਾ ਸਮੇਂ ਵਿੱਚ ਪੰਥ ਦੇ ਪ੍ਰਮੁੱਖ ਅਤੇ ਗੁਣੀ ਰਾਗੀਆਂ ਵਿੱਚੋਂ ਡਾ: ਜਾਗੀਰ ਸਿੰਘ ਜੀ ਦਾ ਨਾਂ ਲਿਆ ਜਾ ਸਕਦਾ ਹੈ । ਆਪ ਜੀ ਦੇ ਕੀਰਤਨ 'ਚੋਂ ਨਵੀਨਤਾ ਅਤੇ ਪ੍ਰਾਚੀਨਤਾ ਦੀ ਝਲਕ ਪ੍ਰਤੱਖ ਮਿਲਦੀ ਹੈ । ਆਪ ਜੀ ਦੇ ਕੀਰਤਨ ਵਿੱਚ ਨਾ ਕੇਵਲ ਮਿਠਾਸ ਹੈ ਬਲਕਿ ਆਪ ਜੀ ਨੇ ਆਪਣੀ ਮਿਹਨਤ ਅਤੇ ਰਿਆਜ਼ ਦੁਆਰਾ ਨਵੇਂ ਮਿਆਰ ਕਾਇਮ ਕੀਤੇ ਹਨ । ਆਪ ਜੀ ਪਹਿਲੇ ਕੀਰਤਨੀਏ ਹਨ ਜਿਨ੍ਹਾਂ ਨੇ ਕੀਰਤਨ ਦੇ ਵਿਸ਼ੇ 'ਤੇ ਪੀ.ਐਚ.ਡੀ. ਕਰ ਕੇ ਨਵਾਂ ਮੀਲ ਪੱਥਰ ਕਾਇਮ ਕੀਤਾ । ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਨੂੰ ਗਾਇਨ ਕਰਨ ਦੀ ਮੁਹਾਰਤ ਹਾਸਿਲ ਹੈ । ਆਪ ਜੀ ਦੇ ਕੀਰਤਨ ਵਿੱਚ ਨਾ ਕੇਵਲ ਮਿਠਾਸ ਹੈ ਬਲਕਿ ਠਹਿਰਾ ਵੀ ਹੈ ।

ਨਵੀਂ ਦਿੱਲੀ ਦੀ ਕੈਸਟ ਕੰਪਨੀ "ਅੰਮ੍ਰਿਤ ਵਰਖਾ" ਵੱਲੋਂ ਆਪ ਜੀ ਦੀ ਕੈਸਟ "ਪੂਤਾ ਮਾਤਾ ਦੀ ਆਸੀਸ" ਰਿਲੀਜ਼ ਕੀਤੀ ਗਈ, ਇਸ ਕੈਸਟ ਵਿੱਚ ਆਪ ਜੀ ਨੇ ਚਾਰ ਸ਼ਬਦਾਂ ਦਾ ਗਾਇਨ ਕੀਤਾ ਹੈ ।

ਕੈਸਟ ਦੀ 'ਏ.' ਸਾਈਡ, ਪਹਿਲਾ ਸ਼ਬਦ "ਪੂਤਾ ਮਾਤਾ ਦੀ ਆਸੀਸ" ਹੀ ਹੈ । ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 496 ਉਪਰ ਗੁਜਰੀ ਮਹਲਾ 5 ਅਧੀਨ ਅੰਕਿਤ ਹੈ । ਇਹ ਸ਼ਬਦ ਆਪ ਜੀ ਨੇ ਕਹਿਰਵੇ ਤਾਲ ਵਿੱਚ ਅਤਿ ਸੁੰਦਰ ਅੰਦਾਜ਼ ਵਿੱਚ ਠਹਿਰਾ ਨਾਲ ਪੜ੍ਹਿਆ ਹੈ । ਹਰਮੋਨੀਅਮ ਦੀ ਆਵਾਜ਼ ਬੜੀ ਮਿੱਠੀ ਹੈ ਅਤੇ ਤਬਲੇ ਦੀ ਸੰਗਤ ਵੀ ਬਹੁਤ ਵਧੀਆ ਹੈ ।

ਇਸੇ ਪਾਸੇ ਦਾ ਦੂਜਾ ਸ਼ਬਦ "ਸਾਚੇ ਸਾਹਿਬਾ ਕਿਆ ਨਾਹੀਂ ਘਰਿ ਤੇਰੈ" । ਇਹ ਸ਼ਬਦ ਅਨੰਦ ਸਾਹਿਬ ਦੀ ਬਾਣੀ 'ਚੋਂ ਹੈ ਅਤੇ ਰਾਗ ਰਾਮਕਲੀ ਮਹਲਾ 3 ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 817 ਉਪਰ ਅੰਕਿਤ ਹੈ । ਇਸ ਸ਼ਬਦ ਨੂੰ ਵੀ ਆਪ ਜੀ ਨੇ ਕਹਿਰਵੇ ਤਾਲ ਵਿੱਚ ਬੜੇ ਹੀ ਠਹਿਰਾ ਅਤੇ ਸੁਹਜ ਨਾਲ ਗਾਇਨ ਕੀਤਾ ਹੈ ।

ਕੈਸਟ ਦੀ 'ਬੀ' ਸਾਈਡ ਦਾ ਪ੍ਰਥਮ ਸ਼ਬਦ ਹੈ "ਠਾਕੁਰ ਹੋਇ ਆਪ ਦਇਆਲ", ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 499 ਉਪਰ ਗੂਜਰੀ ਮਹਲਾ 5 ਅਧੀਨ ਅੰਕਿਤ ਹੈ । ਇਸ ਸ਼ਬਦ ਨੂੰ ਆਪ ਜੀ ਨੇ ਗੁਜਰੀ ਰਾਗ ਵਿੱਚ ਤਿੰਨ ਤਾਲ ਵਿੱਚ ਗਾਇਨ ਕੀਤਾ ਹੈ । ਇਸ ਸ਼ਬਦ ਨੂੰ ਸੁਣਦਿਆਂ ਹੀ ਬਣਦਾ ਹੈ ਅਤੇ ਕੈਸਟ ਦਾ ਸ਼ਾਹਕਾਰ ਕਿਹਾ ਜਾ ਸਕਦਾ ਹੈ । ਇਸ ਕੈਸਟ ਦੀ ਇੱਕ ਹੋਰ ਵਿਸ਼ੇਸ਼ਤਾ ਹੈ ਕਿ ਸਾਰੇ ਸ਼ਬਦ ਇੱਕ ਹੀ ਪ੍ਰਕਰਣ ਦੇ ਹਨ ।

'ਬੀ' ਸਾਈਡ ਦਾ ਦੂਜਾ ਅਤੇ ਕੈਸਟ ਦਾ ਅੰਤਲਾ ਸ਼ਬਦ ਹੈ "ਅਪਨੇ ਸਤਿਗੁਰ ਦੇ ਬਲਿਹਾਰੈ" । ਇਹ ਸ਼ਬਦ ਸੋਰਠ ਮਹਲਾ 5 ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 609 ਉਪਰ ਅੰਕਿਤ ਹੈ । ਇਸ ਸ਼ਬਦ ਨੂੰ ਕਹਿਰਵੇ ਤਾਲ ਵਿੱਚ ਆਪ ਜੀ ਨੇ ਅਤਿ ਸੁੰਦਰ ਰੂਪ ਵਿੱਚ ਗਾਇਨ ਕੀਤਾ ਹੈ । ਰੀਤ ਬੜੀ ਹੀ ਢੁਕਵੀਂ ਅਤੇ ਠਹਿਰਾ ਵਾਲੀ ਹੈ ।

ਸਮੁੱਚੇ ਤੌਰ 'ਤੇ ਇਹ ਕੈਸਟ ਬੜੀ ਹੀ ਵਧੀਆ ਕਹੀ ਜਾ ਸਕਦੀ ਹੈ । ਨਹੀਂ ਤਾਂ ਅੱਜ ਕਲ ਤਾਂ ਕੇਵਲ ਤਿੰਨ ਚਾਰ ਰਾਗੀ ਜੱਥਿਆਂ ਦੀਆਂ ਹੀ ਕੈਸਟਾਂ ਸੰਗਤਾਂ ਵਿੱਚ ਪ੍ਰਚੱਲਿਤ ਹਨ । ਭਾਈ ਸਾਹਿਬ ਕਿਰਤੀ (ਆਪ ਪੰਜਾਬ ਸਕੂਲ ਸਿੱਖਿਆ ਬੋਰਡ, ਨਾਲ ਵੀ ਸਬੰਧਿਤ ਹਨ) ਹੋਣ ਦੇ ਨਾਲ ਨਾਲ ਕੀਰਤਨ ਦੀ ਸੇਵਾ ਵੀ ਕਰਦੇ ਹਨ ਅਤੇ 'ਅੰਮ੍ਰਿਤ ਕੀਰਤਨ' ਮੈਗਜ਼ੀਨ ਵੀ ਹਰ ਮਹੀਨੇ ਪ੍ਰਕਾਸ਼ਿਤ ਕਰਦੇ ਹਨ । ਇੱਕੋਂ ਸਮੇਂ ਇਤਨੇ ਅਹਿਮ ਕਾਰਜ ਕੋਈ ਵਿਰਲਾ ਹੀ ਕਰ ਸਕਦਾ ਹੈ । ਆਪ ਜੀ ਨੇ ਅਮਰੀਕਾ, ਬਰਤਾਨੀਆਂ, ਇਰਾਨ, ਆਸਟ੍ਰੇਲੀਆ, ਨਿਊਜ਼ੀਲੈਂਡ, ਸਿੰਘਾਪੁਰ, ਥਾਈਲੈਂਡ, ਮਲੇਸ਼ੀਆਂ, ਕੁਵੈਤ ਆਦਿ ਮੁਲਕਾਂ ਦਾ ਵੀ ਦੌਰਾ ਕੀਤਾ ਹੈ । ਭਾਈ ਸਾਹਿਬ ਨੂੰ ਬੇਨਤੀ ਹੈ ਕਿ ਆਪਣੀ ਅਮਰੀਕਾ ਫੇਰੀ ਸਮੇਂ ਜਿਹੜੀਆਂ ਕੈਸਟਾਂ ਬਣੀਆਂ ਸਨ, ਉਨ੍ਹਾਂ ਦੀ ਰਿਕਾਰਡਿੰਗ ਕਰਵਾ ਕੇ ਸੰਗਤਾਂ ਅੱਗੇ ਪੇਸ਼ ਕਰਨ । " ਅੰਮ੍ਰਿਤ ਵਰਖਾ " ਇਸ ਕੈਸਟ ਨੂੰ ਰਿਲੀਜ਼ ਕਰਨ ਲਈ ਵਧਾਈ ਦੀ ਪਾਤਰ ਹੈ ਅਤੇ ਆਸ ਹੈ ਆਪ ਜੀ ਦੀਆਂ ਹੋਰ ਕੈਸਟਾਂ ਛੇਤੀ ਹੀ ਸੁਣਨ ਨੂੰ ਮਿਲਣਗੀਆਂ ।

## ਸੰਤਾ ਸਿੰਘ ਆਜਿਜ਼

# ਕੀਰਤਨ ਦੀ ਮਹਿਮਾਂ

ਕੀਰਤਨ ਕਰ, ਚਾਹੇਂ ਜੇ ਦਿਲ ਦਾ ਸਕੂਨ ।
ਲਹਿ ਜਾਏ ਮਨ ਤੋਂ, ਵਿਕਾਰਾਂ ਦਾ ਜਨੂਨ ।
ਕੀਰਤਨ ਕਰ, ਵਰ ਆਏ ਮਨ ਦੀ ਮੁਰਾਦ ।
ਵਸ ਜਾਏ ਹਿਰਦੇ 'ਚ, ਪਰਮੇਸ਼ਵਰ ਦੀ ਯਾਦ ।
ਕੀਰਤਨ ਕਰ, ਤੇ ਰਿਝਾ ਕਰਤਾਰ ਨੂੰ ।
ਪਾ ਲਵੇ ਦਿਲ, ਆਪਣੇ ਦਿਲਦਾਰ ਨੂੰ ।
ਕੀਰਤਨ ਕਰ, ਲਹਿ ਜਾਏ ਹਉਮੇ ਦਾ ਤਾਪ ।
ਧੋਤੇ ਜਾਵਣ ਪਾਪ, ਜਪ ਈਸ਼ਵਰ ਦਾ ਜਾਪ ।
ਕੀਰਤਨ ਕਰ, ਥਰਕ ਉਠੱਣ ਮਨ ਦੇ ਤਾਰ ।
ਆ ਜਾਵੇ ਜੀਵਨ ਦੀ ਪਤਝੱੜ ਵਿੱਚ ਬਹਾਰ ।
ਕੀਰਤਨ ਕਰ, ਖਿੜ ਪਵੇ ਮਨ ਦਾ ਕੰਵਲ ।
ਚੱਖ ਸਕੇਂ ਤੂੰ, ਕੀਰਤਨ ਦਾ ਅਮਰ ਫਲ ।
ਕੀਰਤਨ ਕਰ, ਮਿੱਟ ਜਾਵਣ ਸਭ ਦੂਰੀਆਂ ।
ਮੁਕਤ ਹੋ ਮਸਤਕ ਤੇ ਲਾ ਪਗ ਧੂਰੀਆਂ ।
ਕੀਰਤਨ ਕਰ, ਜੁੜ ਪ੍ਰਭੂ ਚਰਨਾਂ ਦੇ ਨਾਲ ।
ਸੇਵਾ, ਸਿਮਰਨ, ਕੀਰਤਨ ਕਰ ਹੋ ਨਿਹਾਲ ।
ਕੀਰਤਨ ਕਰ, ਹੋ ਜਾਏ ਤੇਰਾ ਉਧਾਰ ।
ਮਿਲਣਾ ਨਹੀਂ, ਮਾਨਸ ਜਨਮ, ਇਹ ਵਾਰ ਵਾਰ ।


**ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ**

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ. ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ ।*

*ਇਸ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।*

*ਸੰਪਾਦਕ : ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ । ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ*

*ਪ੍ਰਕਾਸ਼ਕ : ਅੰਮ੍ਰਿਤ ਕੀਰਤ ਟ੍ਰਸਟ ਕੀਮਤ : ਸਜਿਲਦ-70 ਰੁ. ਪੇਪਰ ਬੈਕ : 50 ਰੁ.*

*422, ਸੈਕਟਰ 15-ਏ, ਚੰਡੀਗੜ੍ਹ-160 015*

# ਪ੍ਰਸ਼ਨਾਵਲੀ - 8

1. ਰਾਗ ਭੁਪਾਲੀ ਦਾ ਸੰਖੇਪ ਪਰੀਚੈ ਦਿਓ ।
2. ਰਾਗ ਵਿੱਚ ਪਕੜ ਦਾ ਕੀ ਸਥਾਨ ਹੈ ?
3. ਗੁਰੂ ਕਾਲ ਦੇ ਪ੍ਰਸਿੱਧ ਕੀਰਤਨੀਆਂ ਦੇ ਨਾਮ ਲਿਖੋ ।
4. ਕੀਰਤਨ ਦੀਆ ਚਾਰ ਚੌਂਕੀਆਂ ਦੇ ਨਾਮ ਲਿਖੋ ।
5. ਦਰਬਾਰ ਸਾਹਿਬ ਤੋਂ ਕਿਹੋ ਜਿਹਾ ਕੀਰਤਨ ਪ੍ਰਸਾਰਨ ਹੋਣਾ ਚਾਹੀਦਾ ਹੈ । ਸੁਝਾਅ ਦਿਓ ।

*ਪ੍ਰਸ਼ਨਾਵਲੀ-7 ਦੇ ਉੱਤਰ*

1. ਸਤ ਸੁਰਾਂ ਦੇ ਪ੍ਰਯੋਗੀ ਨਾਮ

   ਸਾ ਰੇ ਗਾ ਮਾ ਪਾ ਧਾ ਨੀ

2. ਸਪਤਕਾਂ ਦੇ ਨਾਮ

ੳ. ਮੰਦਰ ਸਪਤਕ
ਅ. ਮੱਧ ਸਪਤਕ
ੲ. ਤਾਰ ਸਪਤਕ

3. ਰਾਗ ਧਨਾਸਰੀ ਅਤੇ ਭੀਮ ਪਲਾਸੀ ਦੇ ਸਾਂਝੇ ਨੁਕਤੇ

ੳ. ਥਾਟ - ਕਾਫੀ
ਅ. ਆਰੋਹੀ ਵਿੱਚ ਵਰਜਿਤ ਸੁਰ, ਰੇ ਧਾ
ੲ. ਗੰਧਾਰ ਅਤੇ ਨਿਸ਼ਾਦ ਕੋਮਲ
ਸ. ਜਾਤੀ - ਔਡਵ-ਸੰਪੂਰਨ
ਹ. ਸਮਾਂ ਦਿਨ ਦਾ ਤੀਸਰਾ ਪਹਿਰ

4. ਦਿਮਾਗ ਦਾ ਸੱਜਾ ਅਤੇ ਖੱਬਾ ਪਾਸਾ

(ੳ) ਦਿਮਾਗ ਦਾ ਸੱਜਾ ਪਾਸਾ ਕਵਿਤਾ ਅਤੇ ਸੰਗੀਤ ਨੂੰ ਮਾਣਨ ਤੇ ਉਚਾਰਨ ਦੀ ਸਮਰਥਾ ਰੱਖਦਾ ਹੈ । ਖੱਬਾ ਪਾਸਾ ਤਰਕ ਪੂਰਨ ਗੱਲਬਾਤ ਕਰਨ ਦੀ ਸਮਰੱਥਾ ਰੱਖਦਾ ਹੈ ।

(ਅ) ਦਿਮਾਗ ਦਾ ਸੱਜਾ ਹਿੱਸਾ ਸਰੀਰ ਦੇ ਖੱਬੇ ਪਾਸੇ ਨੂੰ ਕੰਟਰੋਲ ਕਰਦਾ ਹੈ ਅਤੇ ਖੱਬਾ ਪਾਸਾ ਸਰੀਰ ਦੇ ਸੱਜੇ ਪਾਸੇ ਨੂੰ ਕੰਟਰੋਲ ਕਰਦਾ ਹੈ ।

***ਪ੍ਰਸ਼ਨਾਵਲੀ-7 ਦੇ ਠੀਕ ਉੱਤਰ ਹੇਠ ਲਿਖੇ ਪਾਠਕਾਂ ਨੇ ਭੇਜੇ ਹਨ ।***

1. ਮਿਸਜ਼ ਦਮਿਅੰਤੀ ਐਮ.ਏ., ਚੰਡੀਗੜ੍ਹ
2. ਡਾ. ਜੋਗਿੰਦਰ ਬਾਵਰਾ, ਜਲੰਧਰ
3. ਕਸ਼ਮੀਰਾ ਸਿੰਘ, ਫਗਵਾੜਾ
4. ਰਾਜਿੰਦਰ ਕੌਰ, ਗੁ: ਬਤੂ ਸਾਹਿਬ

# ਕੀਰਤਨ ਕਲਾਸਾਂ

ਹੇਠ ਲਿਖੇ ਸਥਾਨਾਂ ਤੇ ਕੀਰਤਨ ਕਲਾਸਾਂ ਲਗਾਈਆਂ ਜਾਂਦੀਆਂ ਹਨ । ਚਾਹਵਾਨ ਵਿਅਕਤੀ ਸੰਪਰਕ ਕਰਕੇ ਲਾਭ ਉਠਾ ਸਕਦੇ ਹਨ ।

**ਗੁਰਦੁਆਰਾ ਸਾਹਿਬ,**
ਸੈਕਟਰ 34, ਚੰਡੀਗੜ੍ਹ

**ਗੁਰੂ ਨਾਨਕ ਬਾਲ ਆਸ਼ਰਮ,**
ਨੇੜੇ ਰਾਮਗੜ੍ਹੀਆ ਭਵਨ,
ਸੈਕਟਰ 27, ਚੰਡੀਗੜ੍ਹ

**ਉਜਲ ਸਿੰਘ ਮਦਾਨ,**
1470, ਸੈਕਟਰ 43-ਬੀ, ਚੰਡੀਗੜ੍ਹ

**ਗੁਰਦੁਆਰਾ ਸਾਚਾ ਧੰਨ,**
ਫੇਜ਼-3-ਬ-1, ਮੋਹਾਲੀ

**ਗਿ : ਕਸ਼ਮੀਰ ਸਿੰਘ,**
1612 ਫੇਜ਼-7, ਮੋਹਾਲੀ

**ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ**
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ,
ਮਾਡਲ ਟਾਊਨ ਐਕਸਟੇਨਸ਼ਨ, ਲੁਧਿਆਣਾ

**ਗੁਰਦੁਆਰਾ ਗੁਰ ਗਿਆਨ ਪ੍ਰਕਾਸ਼**
ਜਵੱਦੀ ਕਲਾ, ਲੁਧਿਆਣਾ

**ਸੰਗੀਤ ਭਾਰਤੀ,**
99 ਬੀ.ਸ਼ਾਸਤਰੀ ਨਗਰ, ਲੁਧਿਆਣਾ

**ਪੰਜਾਬ ਸਿੰਧ ਬੈਂਕ ਕੀਰਤਨ ਅਕੈਡਮੀ,**
ਗਰੀਨ ਪਾਰਕ, ਜਲੰਧਰ

**ਬਾਵਰਾ ਮਿਊਜ਼ਿਕ ਕਾਲਜ,**
20, (ਗੁਰੂ ਨਾਨਕ ਨਗਰ) (ਮਾਡਲ ਟਾਊਨ), ਜਲੰਧਰ

**ਫਾਈਵ ਸਟਾਰ ਸੰਗੀਤ ਸਭਾ,**
276-ਆਰ ਮਾਡਲ ਟਾਊਨ, ਜਲੰਧਰ

**ਸਿੱਖ ਮਿਸ਼ਨਰੀ ਕਾਲਜ (ਰਜਿ:)**
ਡਬਲਯੂ.ਜੀ. 578, ਸੂਰਜ ਗੰਜ, ਜਲੰਧਰ

**ਭਾਈ ਵੀਰ ਸਿੰਘ ਹਾਲ,**
ਲਾਰੰਸ ਰੋਡ, ਅੰਮ੍ਰਿਤਸਰ

**ਸ੍ਰ. ਬੂਟਾ ਸਿੰਘ ਹੰਸਪਾਲ**
ਹੰਸਪਾਲ ਗੁਰਬਾਣੀ ਸੰਗੀਤ ਅਕੈਡਮੀ,
232 ਈਸਟ ਮੋਹਨ ਨਗਰ, ਅੰਮ੍ਰਿਤਸਰ

**ਸਚਦੇਵਾ ਸੰਗੀਤ ਅਕੈਡਮੀ,**
ਗੁਰਦੁਆਰਾ ਰੋਡ, ਮਲੋਟ

**ਮਸਤਾਨਾ ਮਿਊਜ਼ਿਕ ਅਕੈਡਮੀ,**
ਮਲੋਟ

**ਗੁਰਦੁਆਰਾ ਦਸ਼ਮੇਸ਼ਗੜ੍ਹ,**
ਵੀਰੋਵਾਲ, ਜ਼ਿਲਾ: ਨਵਾਂ ਸ਼ਹਿਰ

**ਨੀਲਮ ਸੰਗੀਤ ਮੰਦਰ,**
ਪੰਡੋਰਾ ਮੁਹੱਲਾ, ਨਵਾਂ ਸ਼ਹਿਰ

**ਗੁਰਮਤਿ ਸੰਗੀਤ ਅਕੈਡਮੀ,**
ਨੇੜੇ ਬਸ ਅੱਡਾ, ਫਿਰੋਜ਼ਪੁਰ

**ਸ੍ਰੀ ਗੁਰੂ ਹਰਗੋਬਿੰਦ ਢਾਡੀ ਅਤੇ ਸੰਗੀਤ ਵਿੱਦਿਆਲਾ**
ਸਤਿਨਾਮਪੁਰਾ, ਛਾਬੜਾ ਹਸਪਤਾਲ ਦੇ ਪਿੱਛੇ, ਫਗਵਾੜਾ

**ਜੀ. ਐਸ. ਸਰਦਾਰ,**
1,98 ਰਾਜਿੰਦਰਾ ਨਗਰ, ਨਵੀਂ ਦਿੱਲੀ

**ਗੁਰਮਤਿ ਵਿੱਦਿਆਲਾ**
ਗੁ: ਰਕਾਬ ਗੰਜ, ਨਵੀਂ ਦਿੱਲੀ

**ਗੁਰਬਾਣੀ ਸੰਗੀਤ ਅਕੈਡਮੀ,**
69/2 ਪਡਾਪੁਕਾਰ ਰੋਡ, ਕਲੱਕਤਾ

**ਸ. ਸ. ਕਰੀਰ**
2-ਰਘਬੀਰ ਨਗਰ, ਬਚਿੱਤਰ ਮਾਰਗ
ਪਟਿਆਲਾ

**ਸਿੱਖ ਮਿਸ਼ਨਰੀ ਗੁਰਮਤਿ ਸੰਗੀਤ ਵਿਦਿਆਲਾ**
ਐਚ-1 ਲੇਬਰ ਕਾਲੋਨੀ
ਜਮਾਲਪੁਰ, ਲੁਧਿਆਣਾ

## ਸ੍ਰ. ਮਨਮੋਹਨ ਸਿੰਘ

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

*ਮਲਾਰ ਮਹਲਾ ੫*

*ਗੁਨ ਗੁੋਪਾਲ ਗਾਉ ਨੀਤ ॥ ਰਾਮ ਨਾਮ ਧਾਰਿ ਚੀਤਿ ॥੧॥ ਰਹਾਉ॥ ਛੋਡਿ ਮਾਨੁ ਤਜਿ ਗੁਮਾਨੁ ਮਿਲਿ ਸਾਧੂਆ ਕੈ ਸੰਗਿ ॥ਹਰਿ ਸਿਮਰਿ ਏਕ ਰੰਗਿ ਮਿਟਿ ਜਾਹਿ ਦੋਖ ਮੀਤ ॥੧॥ ਪਾਰਬ੍ਰਹਮ ਭਏ ਦਇਆਲ ਬਿਨਸਿ ਗਏ ਬਿਖੈ ਜੰਜਾਲ ॥ ਸਾਧ ਜਨਾ ਕੈ ਚਰਨ ਲਾਗਿ ॥ ਨਾਨਕ ਗਾਵੈ ਗੋਬਿੰਦ ਨੀਤ ॥੨॥*

**ਅਰਥ** : ਤੂੰ ਸਦੀਵ ਹੀ ਸੁਆਮੀ ਦੀਆਂ ਸਿਫ਼ਤ-ਸ਼ਲਾਘਾ ਗਾਇਨ ਕਰਨ ਅਤੇ ਮਾਲਕ ਦੇ ਨਾਮ ਨੂੰ ਆਪਣੇ ਮਨ ਅੰਦਰ ਟਿਕਾ ।ਠਹਿਰਾਉ।

ਸੰਤਾਂ ਨਾਲ ਸੰਗਤ ਕਰਨ ਦੁਆਰਾ, ਤੂੰ ਆਪਣੀ ਸਵੈ ਹੰਗਤਾ ਛੱਡ ਦੇ ਅਤੇ ਹੰਕਾਰ ਨੂੰ ਮਾਰ ਸੁੱਟ ।

ਪਿਆਰ ਨਾਲ ਇੱਕ ਪ੍ਰਭੂ ਦੀ ਅਰਾਧਨਾ ਕਰਨ ਨਾਲ ਤੇਰੇ ਦੁਖੜੇ ਨਵਿਰਤ ਹੋ ਜਾਣਗੇ, ਹੇ ਮਿੱਤ੍ਰ ।

ਜਦ ਪਰਮ ਪ੍ਰਭੂ ਮਿਹਰਬਾਨ ਹੋ ਜਾਂਦਾ ਹੈ ਤਾਂ ਮਾਇਆ ਦੇ ਸਾਰੇ ਅਲਸੇਟੇ ਮੁੱਕ ਜਾਦੇ ਹਨ ।

ਨੇਕ ਪੁਰਸ਼ਾਂ ਦੇ ਪੈਰਾਂ ਨਾਲ ਜੁੜ ਕੇ ਨਾਨਕ ਸਦੀਵ ਹੀ ਸ੍ਰਿਸ਼ਟੀ ਦੇ ਸੁਆਮੀ ਦੀ ਕੀਰਤੀ ਗਾਇਨ ਕਰਦਾ ਹੈ ।

*ਮਲਾਰ ਮਹਲਾ ੫*

*ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥੧॥ਰਹਾਉ॥*
*ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥੧॥*
*ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ ॥੨॥*
*ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥੩॥*

**ਅਰਥ** : ਹੇ ਸੰਸਾਰ ਦੇ ਸੁਆਮੀ ! ਹੇ ਆਲਮ ਦੇ ਪਾਲਣ-ਪੋਸਣਹਾਰ, ਹੇ ਮੇਰੇ ਮਾਇਆਵਾਨ ਪ੍ਰੀਤਮ ! ਠਹਿਰਾਉ ।

ਤੂੰ ਜਿੰਦ-ਜਾਨ ਦਾ ਸੁਆਮੀ, ਨਿਖਸਮਿਆਂ ਦਾ ਸਾਥੀ ਅਤੇ ਗਰੀਬਾਂ ਦਾ ਦੁੱਖ ਦੂਰ ਕਰਨਹਾਰ ਹੈ ।

ਹੇ ਮੇਰੇ ਸਰਬ-ਸ਼ਕਤੀਵਾਨ, ਅਥਾਹ ਅਤੇ ਸਰਵ-ਵਿਆਪਕ ਸੁਆਮੀ, ਤੂੰ ਮੇਰੇ ਉਤੇ ਮਿਹਰਬਾਨੀ ਕਰ ।

ਤੂੰ ਮੈਨੂੰ ਸੰਸਾਰ ਦੇ ਪਰਮ ਭਿਆਨਕ, ਅੰਨ੍ਹੇ ਖੂਹ ਤੋਂ ਪਾਰ ਕਰ ਦੇ, ਗੁਰੂ ਜੀ ਫੁਰਮਾਉਂਦੇ ਹਨ ।


*ਮਾਤਾ ਗੁਜਰੀ ਬਿਰਧ ਘਰ ਅਤੇ ਅਨਾਥ ਆਸ਼ਰਮ*
*(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)*
*ਗਿੱਲ ਫਾਰਮ, ਪਿੰਡ ਖਾਨਪੁਰ, ਖਰੜ, ਰੋਪੜ-ਫੋਨ : 855741, 855730*
*ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾਂ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁਚੱਜੇ ਤਰੀਕੇ ਨਾਲ ਕੀਤਾ ਗਿਆ ਹੈ । ਲੋੜਵੰਦ ਸਿੱਧੇ ਜਾਂ ਹੇਠ ਲਿਖੇ ਪਤੇ ਤੇ ਸੰਪਰਕ ਕਰੋ :*
*ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ — ਫੋਨ : 601947*

ਪ੍ਰੋ. ਤਾਰਾ ਸਿੰਘ

# ਰਾਗ ਸੂਰਦਾਸੀ ਮਲ੍ਹਾਰ, ਸਰਲ ਪ੍ਰੀਚੈ

ਇਹ ਕਾਫ਼ੀ ਥਾਟ ਦਾ ਰਾਗ ਹੈ । ਇਸ ਵਿੱਚ ਦੋਵੇਂ ਨਿਸ਼ਾਦ, ਬਾਕੀ ਸਭ ਸੁਰ ਸ਼ੁਧ ਲਗਦੇ ਹਨ । ਇਸ ਦੇ ਆਰੋਹ ਵਿੱਚ ਗੰਧਾਰ, ਧੈਵਤ ਅਤੇ ਅਵਰੋਹ ਵਿੱਚ ਗੰਧਾਰ ਸੁਰ ਵਰਜਿਤ ਹੈ । ਜਾਤੀ ਔੜਵ-ਛਾੜਵ ਹੈ । ਇਸ ਦਾ ਵਾਦੀ ਸੁਰ ਮੱਧਮ, ਸੰਵਾਦੀ ਸ਼ੜਜ ਹੈ । ਇਹ ਇੱਕ ਮਲ੍ਹਾਰ ਦਾ ਪ੍ਰਕਾਰ ਹੈ । ਇਸ ਦੀ ਉਤਪਤੀ ਮੱਧਮਾਦ-ਸਾਰੰਗ ਅਤੇ ਮਲ੍ਹਾਰ ਦੇ ਮੇਲ ਨਾਲ ਹੁੰਦੀ ਹੈ । ਇਹ ਇੱਕ ਨਵੀਨ ਯਾਵਨਿਕ ਰਾਗ ਹੈ । "ਨ਼ੀ ਮਪ," ਅਤੇ "ਨ਼ੀ ਧ ਪ", ਆਦਿਕ ਵਿਨਿਆਸ ਸੁਰ ਸੰਗਤੀਆਂ ਨਾਲ ਅਤੇ ਮੱਧਮ ਉਤੇ ਨਿਆਸ ਕਰਨ ਨਾਲ "ਸੂਰ-ਮਲ੍ਹਾਰ" ਦਾ ਸਰੂਪ ਪ੍ਰਗਟ ਹੁੰਦਾ ਹੈ । ਕਈ ਵਿਦਵਾਨ ਇਸ ਵਿਚ ਗੰਧਾਰ ਅਤੇ ਧੈਵਤ ਸੁਰ ਬਿਲਕੁਲ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਔੜਵ ਮੰਨਦੇ ਹਨ । ਇਸ ਵਿਚ "ਮ ਰੇ," ਦੀ ਮੀਂਡ ਜ਼ਰੂਰੀ ਹੈ । ਧੈਵਤ ਦੇ ਪ੍ਰਯੋਗ ਨਾਲ ਸੋਰਠ ਦਾ ਰੂਪ ਮਲੂਮ ਹੁੰਦਾ ਹੈ ਪਰ "ਨ਼ੀ ਪ, ਰੇ ਪ਼," ਆਦਿਕ ਇਹਨਾਂ ਸੁਰ ਸੰਗਤੀਆਂ ਨਾਲ ਵੱਖਰਾ ਹੋ ਜਾਂਦਾ ਹੈ । ਗਾਉਣ ਦਾ ਸਮਾਂ ਰਾਤ ਦਾ ਦੂਸਰਾ ਪਹਿਰ ਹੈ ਪਰ ਵਰਖਾ ਰੁੱਤ ਵਿੱਚ ਹਰ ਸਮੇਂ ਗਾਇਆ ਜਾ ਸਕਦਾ ਹੈ ।

### *ਆਲਾਪ*

1. ਸਾ, ਰੇ ਸਾ, ਰੇ ਮ ਪ, ਨੁ ਪ, ਨ਼ੀ ਧ ਪ, ਮ ਪ, ਮ ਰੇ ਸਾ ।
2. ਸਾ, ਮ ਰੇ, ਮ ਪ, ਨ਼ੀ ਮ ਪ, ਰੇ ਪ ਮ ਪ, ਨੁ ਪ, ਮ ਪ ਨ਼ੀ ਧ ਪ, ਮ ਪ ਨੀ ਸਾਂ, ਰੇਂ ਸਾਂ ਨੁ ਧ ਨ਼ੀ ਪ, ਨੁ ਮ ਪ, ਮ, ਰੇ, ਸਾ ਰੇ-ਸਾ ।
3. ਸਾ, ਰੇ ਨ਼ੀ ਸਾ, ਨ਼ੀ ਪ਼, ਮ ਪ਼ ਨ਼ੀ ਧ਼ ਪ਼, ਮ਼ ਪ਼ ਨ਼ੀ ਸਾ, ਸਾ ਰੇ ਨ਼ੀ ਸਾ, ਰੇ ਮ ਰੇ ਨ਼ੀ ਸਾ ।
4. ਸਾ ਰੇ ਮ, ਮ ਰੇ ਪ, ਮ ਪ ਮ, ਰੇ ਮ, ਸਾ ਰੇ ਮ, ਪ ਮ ਰੇ ਮ, ਸਾ ਰੇ ਨ਼ੀ ਸਾ ।
5. ਨ਼ੀ ਸਾ ਰੇ ਮ, ਰੇ ਪ, ਮ ਪ ਨ਼ੀ-ਪ, ਮ ਪ, ਨੁ ਧ ਪ, ਮ ਪ ਮ, ਰੇ ਮ, ਨੁ ਪ ਮ, ਮ ਪ, ਮ ਰੇ, ਸਾ, ਰੇ ਨ਼ੀ ਸਾ ਰੇ ਮ ਪ, ਨ਼ੀ ਧ ਪ, ਮ ਪ ਮ ਰੇ ਸਾ ।
6. ਮ ਪ ਨੀ-ਸਾਂ, ਸਾਂ ਨੀ ਸਾਂ, ਨੁ ਮ ਪ, ਨੁ ਧ ਪ, ਮ ਪ ਨੀ-ਸਾਂ, ਸਾਂਰੇਂ ਨੀ ਸਾਂ, ਮ ਰੇਂ ਸਾਂ ਨੀਸਾਂ ਰੇਂ ਸਾਂ, ਨੁ-ਮ ਪ. ਨੁ ਧ ਪ, ਮ ਪ; ਮ, ਰੇ ਮ, ਨ਼ੀ ਪ, ਮ ਰੇ ਮ ਸਾਰੇ ਨ਼ੀਸਾ ।

### *ਰਾਗ ਸੂਰਦਾਸੀ ਮਲਾਰ - ਇਕ ਤਾਲ*

| x | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |
| | | | | | | ਸਥਾਈ | | | | | |
| | | | | | | ਪਨ | ਸਂਰਂ | ਨਸਂ | ਰਂਨੁ | ਧਪ | ਮਪ |
| | | | | | | ਗੁs | ਨs | ਗੋs | ਪਾs | ss | ਲs |
| ਸਂ | - | ਰਂ | ਨੁਧ | ਮ | ਪ | ਨੁਪ | ਮਪ | ਨੁ | ਧ | ਪ | ਪ |
| ਗਾ | s | ਉ | ਨੀs | s | ਤ | ਰਾs | ss | ਮ | ਨਾ | s | ਮ |
| ਮਰ | ਪਮ | ਰ | ਨ਼ | ਸ | ਸ | | | | | | |
| ਧਾs | ss | ਰਿ | ਚੀ | s | ਤ | | | | | | |
| | | | | | | ਅੰਤਰਾ | | | | | |
| | | | | | | ਰਮ | ਪਨੁ | ਮਪ | ਨੁ | ਧ | ਪ |
| | | | | | | ਛੋs | ss | ਡਿs | ਮਾ | s | ਨੁ |
| ਮਪਂ | ਨਸਂ | ਨ | ਸਂ | -ਸਂ | ਸਂਸਂ | ਨ | ਸਂ | ਸਂ | ਨਸਂ | ਰਂਮਂ | ਰਂਸਂ |
| ਤs | ਜਿs | ਗੁ | ਮਾ | sਨ | ਮਿਲਿ | ਸਾ | s | ਧੂ | ਆs | ss | ਕੈs |
| ਨਸਂ | ਰਂ | ਨੁ | ਧ | ਮ | ਪ | ਪ | ਰਂ | ਸਂ | ਰਂ | ਨੁ | ਧ |
| ਸੰs | s | s | s | s | ਗਿ | ਹ | ਰਿ | ਸਿ | ਮ | ਰਿ | s |
| ਨੁਧ | ਮਪ | ਰਮ | ਪਨੁ | ਧ | ਪ | ਮ | ਪ | ਨੁਪ | ਮਪ | ਨਸਂ | ਰਂ |
| ਏs | ss | ਕs | ਰੰs | s | ਗਿ | ਮਿ | ਟਿ | ਜਾs | ss | ਹਿs | s |
| ਨਸਂ | ਰਂਮਂ | ਰਂਸਂ | ਨਸਂ | ਰਂਨੁ | ਧਪ | | | | | | |
| ਦੋs | ss | ਖs | ਮੀs | ss | ਤs | | | | | | |

ਪ੍ਰੋ. ਤਾਰਾ ਸਿੰਘ

# ਰਾਗ ਸੂਰਦਾਸੀ ਮਲਾਰ ਧਰੁਪਦ ਚਾਰ ਤਾਲ

*ਸੂਰਦਾਸੀ ਮਲਾਰ*

ਠਾਠ-ਕਾਫੀ ਵਾਦੀ : ਮ ਵਰਜਤ ਅਰੋਹ : ਗ, ਧ

ਜਾਤ-ਔਡਵ ਖਾਡਵ ਸੰਵਾਦੀ : ਸ ਅਵਰੋਹ : ਗ

ਆਰੋਹੀ : ਸ ਰ ਮ ਪ ਨ ਸੰ ॥ ਅਵਰੋਹੀ : ਸੰ ਨੁ ਧ ਮ ਪ ਮ ਰ ਸ ॥

ਪਕੜ : ਨ਼ ਸ, ਰ ਮ, ਪ ਮ, ਨੁ ਧ ਪ, ਨ ਸੰ ਨੁ ਪ, ਮਰ, ਸ ॥

ਸਭ ਸੁਰ ਸ਼ੁਧ (-) ਨਿਖਾਧਾਂ ਦੋਨੋਂ ਲਗਦੀਆਂ ਹਨ ।

| x | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 |

*ਸਥਾਈ*

| | | | | | | | | | | | |
|---|---|---|---|---|---|---|---|---|---|---|---|
| ਸੰ | - | ਰੰ | ਨੁ | ਧ | ਮ | ਪ | - | ਨੁ | ਧ | ਪ | ਪ |
| ਹੇ | s | ਗੋ | ਬਿੰ | s | ਦ | ਹੇ | s | ਗੋ | ਪਾ | s | ਲ |
| ਮ | ਰ | ਮ | ਪ | - | ਪ | ਮ | ਰ | ਸ | ਰ | ਨ਼ | ਸ |
| ਹੇ | s | ਦਇ | ਆ | s | ਲ | ਲਾ | s | s | s | s | ਲਾ |

*ਅੰਤਰਾ*

| | | | | | | | | | | | |
|---|---|---|---|---|---|---|---|---|---|---|---|
| ਮ | - | ਪ | ਨੁ | ਪ | ਨ | ਸੰ | - | ਨ | ਨ | ਸੰ | - |
| ਪ੍ਰਾ | s | ਨ | ਨਾ | ਥ | ਅ | ਨਾ | s | ਥ | ਸ | ਖੇ | s |
| ਸੰ | - | ਰੰ | ਨੁਧ | ਮ | ਪ | ਨੁ | ਪ | ਮ | ਰ | (ਸ)ਨ਼ | ਸ |
| ਦੀ | s | ਨ | ਦਰ | ਦ | ਨਿ | ਵਾ | s | s | s | s | ਰ |

*ਸੰਚਾਰੀ*

| | | | | | | | | | | | |
|---|---|---|---|---|---|---|---|---|---|---|---|
| ਰ | - | ਮ | ਪ | - | ਪ | ਮਰ | ਪਮ | ਧਪ | ਨੁ | ਧ | ਪ |
| ਹੇ | s | ਸ | ਮ੍ਰ | s | ਥ | ਅs | ਗs | ਮs | ਪੂ | ਰ | ਨ |
| ਮ | ਪ | ਸੰ | ਨੁ | ਮ | ਪ | ਨੁ | ਪ | ਮ | ਰ | (ਸ)ਨ਼ | ਸ |
| ਮੋ | s | ਹਿ | ਮਇ | ਆ | s | ਧਾ | s | s | s | s | ਰ |

*ਆਭੋਗ*

| | | | | | | | | | | | |
|---|---|---|---|---|---|---|---|---|---|---|---|
| ਮ | - | ਪ | ਨੁ | ਪ | ਨ | ਸੰ | ਸੰ | ਰੰ | ਸੰ | - | ਸੰ |
| ਐਂ | s | ਧ | ਕੂ | s | ਪ | ਮ | ਹਾ | ਭਇ | ਆ | s | ਨ |
| ਰੰ | ਰੰ | ਮੰ | ਰੰ | (ਸ)ਨ਼ | ਸੰ | ਨੁ | ਮ | ਪ | ਮਰ | ਸਰ | ਨ਼ਸ |
| ਨਾ | ਨ | ਕ | ਪਾ | ਰਿ | ਉ | ਤਾ | s | s | ss | ss | ਰੁs |

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮਧੱ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ । |
| ਧ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ । |
| ਮੰ | ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ । |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ । |
| ਸੰ/ਪੰ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ । |
| ਪ— | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ । |
| ਸ਼ਾਂ s | ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ । |
| ਮਪ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ । |
| XO 123 | **X** ਸਮ, **O** ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ । |



# ਮਹੀਨਾ ਅਗਸਤ/ਸਾਵਣ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥ ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥ ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥ ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥ ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥ ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥ ਸੋ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਦੁਰਗਾ ਅਸ਼ਟਮੀ | 11 ਅਗਸਤ |
| ਅਜ਼ਾਦੀ ਦਿਵਸ | 15 ਅਗਸਤ |
| ਮੇਲਾ ਬਾਬਾ ਬਕਾਲਾ ਤੇ ਰੱਖੜੀ | 18 ਅਗਸਤ |
| ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ | 25 ਅਗਸਤ |

*ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ*

## ਅਗਸਤ
## AUGUST 1997

| | |
|---|---|
| ਸੰਮਤ ਬਿਕ੍ਰਮੀ | 2054 |
| ਸੰਮਤ ਨਾਨਕਸ਼ਾਹੀ | 528 |
| ਸੰਮਤ ਖਾਲਸਾ | 299 |
| ਸੰਮਤ ਸ਼ਾਕਾ | 1919 |

| | |
|---|---|
| ਸੰਗਰਾਂਦ | 16 ਅਗਸਤ |
| ਪੂਰਨਮਾਸ਼ੀ | 18 ਅਗਸਤ |
| ਮਸਿਆ | 3 ਅਗਸਤ |
| ਪੰਚਮੀ | 8 ਅਗਸਤ |

| | | | | | |
|---|---|---|---|---|---|
| ਐਤ SUN | 31 16 ਭਾਦਰੋਂ ਭਾਦਰੋਂ ਵਦੀ 14 | 3 19 ਸਾਵਣ ਮਸਿਆ | 10 26 ਸਾਵਣ ਸਾਵਣ ਸੁਦੀ 7 | 17 2 ਭਾਦਰੋਂ ਸਾਵਣ ਸੁਦੀ 1 | 24 9 ਭਾਦਰੋਂ ਭਾਦਰੋਂ ਵਦੀ 7 |
| ਸੋਮ MON | ✸ | 4 20 ਸਾਵਣ ਸਾਵਣ ਸੁਦੀ 1 | 11 27 ਸਾਵਣ ਸਾਵਣ ਸੁਦੀ 8 | 18 3 ਭਾਦਰੋਂ ਪੂਰਨਮਾਸ਼ੀ | 25 10 ਭਾਦਰੋਂ ਭਾਦਰੋਂ ਵਦੀ 8 |
| ਮੰਗਲ TUE | ✸ | 5 21 ਸਾਵਣ ਸਾਵਣ ਸੁਦੀ 2 | 12 28 ਸਾਵਣ ਸਾਵਣ ਸੁਦੀ 9 | 19 4 ਭਾਦਰੋਂ ਭਾਦਰੋਂ ਵਦੀ 1 | 26 11 ਭਾਦਰੋਂ ਭਾਦਰੋਂ ਵਦੀ 9 |
| ਬੁੱਧ WED | ✸ | 6 22 ਸਾਵਣ ਸਾਵਣ ਸੁਦੀ 3 | 13 29 ਸਾਵਣ ਸਾਵਣ ਸੁਦੀ 10 | 20 5 ਭਾਦਰੋਂ ਭਾਦਰੋਂ ਵਦੀ 2-3 | 27 12 ਭਾਦਰੋਂ ਭਾਦਰੋਂ ਵਦੀ 10 |
| ਵੀਰ THU | ✸ | 7 23 ਸਾਵਣ ਸਾਵਣ ਸੁਦੀ 4 | 14 30 ਸਾਵਣ ਸਾਵਣ ਸੁਦੀ 11 | 21 6 ਭਾਦਰੋਂ ਭਾਦਰੋਂ ਵਦੀ 4 | 28 13 ਭਾਦਰੋਂ ਭਾਦਰੋਂ ਵਦੀ 11 |
| ਸ਼ੁੱਕਰ FRI | 1 17 ਸਾਵਣ ਸਾਵਣ ਵਦੀ 13 | 8 24 ਸਾਵਣ ਸਾਵਣ ਸੁਦੀ 5 | 15 31 ਸਾਵਣ ਸਾਵਣ ਸੁਦੀ 12 | 22 7 ਭਾਦਰੋਂ ਭਾਦਰੋਂ ਵਦੀ 5 | 29 14 ਭਾਦਰੋਂ ਭਾਦਰੋਂ ਵਦੀ 12 |
| ਸ਼ਨੀ SAT | 2 18 ਸਾਵਣ ਸਾਵਣ ਵਦੀ 14 | 9 25 ਸਾਵਣ ਸਾਵਣ ਸੁਦੀ 6 | 16 1 ਭਾਦਰੋਂ ਸਾਵਣ ਸੁਦੀ 13 | 23 8 ਭਾਦਰੋਂ ਭਾਦਰੋਂ ਵਦੀ 6 | 30 15 ਭਾਦਰੋਂ ਭਾਦਰੋਂ ਵਦੀ 13 |

ਅਰਥ : (ਜਿਵੇਂ) ਭਾਦਰੋਂ (ਦੇ ਤ੍ਰਾਟਕੇ ਤੇ ਘੁੰਮੇ) ਵਿਚ (ਮਨੁੱਖ ਬਹੁਤ ਘਬਰਾਂਦਾ ਹੈ, ਤਿਵੇਂ) ਜਿਸ ਜੀਵ-ਇਸਤ੍ਰੀ ਦਾ ਪਿਆਰ ਪ੍ਰਭੂ-ਪਤੀ ਤੋਂ ਬਿਨਾ ਕਿਸੇ ਹੋਰ ਨਾਲ ਲੱਗਦਾ ਹੈ ਉਹ ਭਟਕਣਾ ਦੇ ਕਾਰਨ ਜੀਵਨ ਦੇ ਸਹੀ ਰਸਤੇ ਤੋਂ ਖੁੰਝ ਜਾਂਦੀ ਹੈ, ਉਹ ਭਾਵੇਂ ਲੱਖਾਂ ਹਾਰ ਸਿੰਗਾਰ ਕਰੇ, (ਉਸ ਦੇ) ਕਿਸੇ ਕੰਮ ਨਹੀਂ ਆਉਂਦੇ ।

ਜਿਸ ਦਿਨ ਮਨੁੱਖ ਦਾ ਸਰੀਰ ਨਾਸ ਹੋਵੇਗਾ (ਜਦੋਂ ਮਨੁੱਖ ਮਰ ਜਾਇਗਾ) ਉਸ ਵੇਲੇ (ਸਾਰੇ ਸਾਕ-ਅੰਗ) ਆਖਣਗੇ ਕਿ ਇਹ ਹੁਣ ਗੁਜ਼ਰ ਗਿਆ ਹੈ )। (ਲੋਥ ਅਪਵਿਤ੍ਰ ਪਈ ਹੈ, ਇਸ ਨੂੰ ਛੇਤੀ ਬਾਹਰ ਲੈ ਚੱਲੋ) । ਜਮਦੂਤ (ਜਿੰਦ ਨੂੰ) ਫੜ ਕੇ ਅੱਗੇ ਲਾ ਲੈਂਦੇ ਹਨ, ਕਿਸੇ ਨੂੰ (ਇਹ) ਭੇਤ ਨਹੀਂ ਦੱਸਦੇ (ਕਿ ਕਿੱਥੇ ਲੈ ਚੱਲੇ ਹਾਂ) । ਜਿੰਨ੍ਹਾਂ ਸੰਬੰਧੀਆਂ ਨਾਲ (ਸਾਰੀ ਉਮਰ ਬੜਾ) ਪਿਆਰ ਬਣਿਆ ਰਹਿੰਦਾ ਹੈ ਉਹ ਪਲ ਵਿਚ ਹੀ ਸਾਥ ਛੱਡ ਬੈਠਦੇ ਹਨ ।

(ਮੌਤ ਆਈ ਵੇਖ ਕੇ ਮਨੁੱਖ) ਬੜਾ ਪਛੁਤਾਉਂਦਾ ਹੈ, ਉਸ ਦਾ ਸਰੀਰ ਔਖਾ ਹੁੰਦਾ ਹੈ, ਉਹ ਕਾਲੇ ਤੋਂ ਚਿੱਟਾ ਪਿਆ ਹੁੰਦਾ ਹੈ (ਘਬਰਾਹਟ ਨਾਲ ਇਕ ਰੰਗ ਆਉਂਦਾ ਹੈ ਇਕ ਜਾਂਦਾ ਹੈ) । ਇਹ ਸਰੀਰ ਮਨੁੱਖ ਦੇ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਉਹੀ ਫਸਲ ਵੱਢਦਾ ਹੈ (ਜੇਹੇ ਕਰਮ ਕਰਦਾ ਹੈ, ਤੇਹਾ ਫਲ ਪਾਂਦਾ ਹੈ)

ਹੇ ਨਾਨਕ ! ਜਿੰਨ੍ਹਾਂ ਦਾ ਰਾਕਾ ਤੇ ਹਿਤੂ ਗੁਰੂ ਬਣਦਾ ਹੈ, ਉਹ ਨਰਕ ਵਿਚ ਨਹੀਂ ਪਾਏ ਜਾਂਦੇ, (ਕਿਉਂਕਿ ਗੁਰੂ ਦੀ ਕਿਰਪਾ ਨਾਲ) ਉਹ ਪ੍ਰਭੂ ਦੀ ਸਰਨ ਵਿਚ ਆ ਜਾਂਦੇ ਹਨ, ਗੁਰੂ ਉਹਨਾਂ ਨੂੰ ਪ੍ਰਭੂ ਦੇ ਚਰਨ-ਰੂਪ ਜਹਾਜ਼ (ਵਿਚ ਚੜ੍ਹਾ) ਦੇਂਦਾ ਹੈ ।੭।

Regd. NO. PB/CH-155
RNI Regd No. 46788/89

**BOOK POST**
(Printed Matter)

*If undelivered please return to*
**AMRIT KIRTAN TRUST (Regd.)**
422, Sector 15-A, Chandigarh-160 015
Phone : 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਲਾ ਮਾਸਿਕ ਪੱਤਰ

# ਅੰਮ੍ਰਿਤੁ ਕੀਰਤਨ

ਅੰਕ 12 ਸਾਲ ਅੱਠਵਾਂ ਦਸੰਬਰ 1996

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ । ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ । ਆਪ ਦਾ ਚਿੱਟ ਨੰਬਰ ਇਸ ਲਿਫਾਫੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ ।

# ਅਮਰੀਕਾ ਵਿੱਚ ਬਣੇ ਮੈਂਬਰ

## ਨਿਊ ਜਰਸੀ

ਸ. ਸੁਰਿੰਦਰ ਸਿੰਘ ਅਰੋੜਾ
ਜਸਬੀਰ ਸੇਠੀ
ਸਤਨਾਮ ਸਿੰਘ ਬੰਸਲ
ਗੁਰਚਰਨ ਸੇਠੀ
ਨਰਿੰਦਰਪਾਲ ਸਿੰਘ
ਰਾਜਿੰਦਰ ਪਾਲ ਸਿੰਘ ਚਾਵਲਾ
ਦਲਜੀਸ ਸਿੰਘ
ਨਰਿੰਦਰਮੋਹਨ ਸਿੰਘ
ਰਜਵੰਤ ਸਿੰਘ
ਸੁਖਬੀਰ ਸਿੰਘ
ਅਮਰੀਕ ਸਿੰਘ ਸੰਧੂ
ਇੰਦਰਜੀਤ ਸਿੰਘ ਧਨਾਸ
ਪਰਮਜੀਤ ਸਿੰਘ ਸਾਹਨੀ

## ਮੈਰੀਲੈਂਡ

ਜਸਬੀਰ ਕੌਰ
ਸਤਪਾਲ ਪੁਸ਼ਪਿੰਦਰ ਨਰੂਲਾ
ਬਖਸ਼ੀਸ਼ ਸਿੰਘ
ਤੇਜਬੀਰ ਸਿੰਘ ਫੂਲ
ਪਰਵਿੰਦਰ ਸੋਢੀ
ਗੁਰੂ ਹਰਕ੍ਰਿਸ਼ਨ ਇੰਸਟੀਚਿਊਟ ਆਫ
ਸਿੱਖ ਸਟੱਡੀ
ਬਰਜਿੰਦਰ ਸਿੰਘ
ਅਰਵਿੰਦਰ ਸਿੰਘ
ਧਰਮਜੀਤ ਸਿੰਘ

## ਵਰਜੀਨੀਆ

ਦਰਸ਼ਨ ਸਿੰਘ ਸੋਹਲ
ਸਿਰਮੁਖ ਸਿੰਘ ਮੰਕੂ
ਸੁਰਜੀਤ ਕੌਰ
ਤੇਜਿੰਦਰ ਕੌਰ
ਅਮਰੀਕ ਸਿੰਘ
ਜਗਦੀਸ਼ ਰਿਸ਼ੀ

ਜੀ.ਐਸ. ਆਹਲੂਵਾਲੀਆ
ਸਰਜਨੀਤ ਸਿੰਘ
ਬਲਵੰਤ ਸਿੰਘ ਮੁਲਤਾਨੀ
ਬਲਵਿੰਦਰ ਸਿੰਘ
ਇੰਦਰਜੀਤ ਕੌਰ
ਸੁਮੀਰਾ ਕੌਰ
ਬਲਜੀਤ ਸਿੱਧੂ
ਐ. ਪੀ. ਸਿੰਘ
ਡਾ. ਐਨ. ਐਸ. ਅਰੋੜਾ
ਡਾ. ਆਰ. ਐਸ. ਕੋਹਲੀ
ਐਮ. ਐਸ. ਅਨੰਦ

## ਟੈਕਸਾਸ

ਭਾਈ ਇਕਬਾਲ ਸਿੰਘ

## ਕਨੈਟੀਕਟ

ਹਰਗੁਰਪ੍ਰੀਤ ਸਿੰਘ
ਡਾ. ਪ੍ਰੇਮ ਸਿੰਘ ਮਾਨ
ਵਪਿੰਦਰ ਸਿੰਘ
ਰਮਨ ਆਰ ਸਿੰਘ
ਗੁਰਨੈਨ ਕੌਰ

## ਕੈਲੀਫੋਰਨੀਆ

ਇੰਡੋ. ਯੂ. ਐਸ. ਸਮਾਚਾਰ
ਭਾਈ ਸੋਹਨ ਸਿੰਘ ਰਸੀਆ
ਸੁਖਮਿੰਦਰ ਸਿੰਘ
ਹਰਜਿੰਦਰ ਸਿੰਘ
ਹਰਜਿੰਦਰ ਸਿੰਘ ਮੱਲ੍ਹੀ
ਗੁ: ਸਿੱਖ ਸਟੱਡੀ ਸਰਕਲ, ਵਰਮਾਂਟ
ਅਮੋਲਕ ਸਿੰਘ
ਜੋਗਾ ਸਿੰਘ
ਸ. ਪਿਆਰਾ ਸਿੰਘ
ਮਨਜੀਤਪਾਲ ਸਿੰਘ
ਸਵਰਨਜੀਤ ਕੌਰ

# ਸਾਡੇ ਜੀਵਨ ਮੈਂਬਰ

| | |
|---|---|
| ਸ. ਬਲਦੇਵ ਸਿੰਘ<br>ਟੈਕਸਾਸ, ਅਮਰੀਕਾ | ਸ. ਸਰਬਜੀਤ ਸਿੰਘ<br>ਲਾਸ ਐਂਜਲਸ, ਅਮਰੀਕਾ |